# ਲੋਕ ਕਹਾਣੀ ਦੀ ਪੜ੍ਹਤ ਅਤੇ ਪਾਸਾਰ



ਗੁਰਤੇਜ ਸਿੰਘ
ਖੋਜਾਰਥੀ ਅਤੇ ਸਹਾਇਕ ਪ੍ਰੋਫੈਸਰ
ਇਟਰਨਲ ਯੂਨੀਵਰਸਿਟੀ ਬੜੂ ਸਾਹਿਬ।
gurtejdhindsa5@gmail.com



ਡਾ. ਸਿਮਰਨਜੀਤ ਸਿੰਘ
ਸਹਾਇਕ ਪ੍ਰੋਫੈਸਰ
ਪੰਜਾਬੀ ਅਧਿਐਨ ਸਕੂਲ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਲੋਕ ਸਾਹਿਤ ਕਿਸੇ ਵੀ ਸਭਿਆਚਾਰ ਦਾ ਪ੍ਰਗਟਾਅ ਮਾਧਿਅਮ ਹੁੰਦਾ ਹੈ। ਲੋਕ ਸਾਹਿਤ ਦੇ ਅੰਤਰਗਤ ਭਿੰਨ-ਭਿੰਨ ਰੂਪ ਜਿਵੇਂ ਲੋਕ ਕਾਵਿਕ ਰੂਪ ਅਤੇ ਲੋਕ ਵਾਰਤਕ ਬਿਰਤਾਂਤਕ ਰੂਪ ਆਦਿ ਆ ਜਾਂਦੇ ਹਨ। ਇਸ ਤੋਂ ਇਲਾਵਾ ਲੋਕ ਨਾਟ ਦੇ ਭਿੰਨ-ਭਿੰਨ ਰੂਪ ਸ਼ਾਮਿਲ ਹਨ। ਲੋਕ ਵਾਰਤਕ ਬਿਰਤਾਂਤ ਵਿਚਲੇ ਰੂਪ ਲੋਕ ਕਹਾਣੀਆਂ ਦਾ ਮਨੁੱਖ ਨਾਲ ਮੁੱਢ ਤੋਂ ਹੀ ਨੇੜੇ ਦਾ ਰਿਸ਼ਤਾ ਰਿਹਾ ਹੈ। ਇਨ੍ਹਾਂ ਲੋਕ ਕਹਾਣੀਆਂ ਦੇ ਜ਼ਰੀਏ ਹੀ ਮਨੁੱਖ ਆਪਣੇ ਔਖੇ ਪੈਂਡਿਆ ਨੂੰ ਸਹਿਜ-ਸੁਭਾ ਵਾਰਤਾਲਾਪੀ ਰੂਪ ਵਿਚ ਨਜਿੱਠ ਲੈਂਦਾ ਸੀ। ਉਹ ਸਰਦੀਆਂ ਵਿਚ ਆਪਣੇ ਸਾਥੀਆਂ ਨਾਲ ਧੂਣੀਆਂ ਕੋਲ ਬੈਠ ਕੇ ਜਾਂ ਸੰਯੁਕਤ ਪਰਿਵਾਰਾਂ ਵਿਚ ਪੁੱਤ-ਪੋਤਰਿਆਂ ਨਾਲ ਕਥਾ-ਕਹਾਣੀਆਂ ਸਾਂਝਾ ਕਰਦਾ ਆਪਣੇ ਤਜ਼ਰਬੇ ਵਿਚਲੇ ਹੁਨਰ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਂਦਾ ਸੀ।

ਆਧੁਨਿਕ ਸੰਚਾਰ ਸਾਧਨਾਂ ਅਤੇ ਟੈਕਨਾਲੋਜੀ ਦੇ ਆਉਣ ਨਾਲ ਲੋਕ ਸਾਹਿਤ ਦੇ ਦੂਸਰੇ ਰੂਪਾਂ ਵਾਂਗ ਲੋਕ ਕਹਾਣੀ ਦਾ ਇਹ ਪਰੰਪਰਾਗਤ ਰੂਪ ਵੀ ਪ੍ਰਭਾਵਿਤ ਹੋਇਆ ਹੈ। ਇਸ ਖੋਜ ਪਰਚੇ ਵਿਚ ਅਸੀਂ ਇਸੇ ਮੁੱਦੇ ’ਤੇ ਵਿਚਾਰ ਕਰਾਂਗੇ ਕਿ ਕਿਵੇਂ ਬਦਲਦੇ ਸਮਿਆਂ ਅਨੁਸਾਰ ਲੋਕ ਸਾਹਿਤ ਦੇ ਰੂਪ ਲੋਕ ਕਹਾਣੀਆਂ ਨੂੰ ਪੜ੍ਹਿਆ, ਸਮਝਿਆ, ਵਿਚਾਰਿਆ ਤੇ ਅਧਿਐਨ ਕੀਤਾ ਜਾਵੇ ਤਾਂ ਜੋ ਲੋਕ ਕਹਾਣੀ ਨੂੰ ਸਮਝਣ ਲਈ ਇਕ ਸਰਬ-ਸਾਂਝੀ ਸਮਝ-ਸੂਝ ਸਾਹਮਣੇ ਆ ਸਕੇ।

ਲੋਕ ਕਹਾਣੀ ਲੋਕ ਸਾਹਿਤ ਦੇ ਮਹੱਤਵਪੂਰਨ ਰੂਪਾਂ ਵਿਚੋਂ ਇਕ ਹੈ। ਇਸ ਵਿਧਾ ਦਾ ਲੰਮਾਂ ਸਮਾਂ ਲੋਕਾਂ ਦੇ ਦਿਲਾਂ ਤੇ ਰਾਜ ਰਿਹਾ ਹੈ। ਇਸ ਵਿਧਾ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਮਨੁੱਖੀ ਮਨ ਦੀਆਂ ਭਾਵਨਾਵਾਂ ਦੀ ਨਿਕਾਸੀ ਦਾ ਸਹਿਜ-ਸੁਭਾ ਰਾਹ ਬਣਦੀ ਹੈ। ਇਸ ਵਿਧਾ ਦੇ ਜ਼ਰੀਏ ਕਿਸੇ ਵੀ ਦੇਸ਼, ਸਮਾਜ ਜਾਂ ਭੂਗੋਲਿਕ ਖਿੱਤੇ ਦੇ ਲੋਕਾਂ ਦੀ ਪੂਰਨ-ਜੀਵਨੀ ਨੂੰ ਬਾਖ਼ੂਬੀ ਸਮਝਿਆ ਜਾ ਸਕਦਾ ਹੈ। ਹਾਲਾਂਕਿ ਜਿਨ੍ਹਾਂ ਸੌਖਾਈ ਨਾਲ ਉਪਰ ਲਿਖਿਆ ਗਿਆ ਹੈ। ਉਨ੍ਹਾਂ ਹੀ ਔਖਿਆਈ ਨਾਲ ਕਿਸੇ ਦੂਸਰੇ ਦੇਸ਼, ਰਾਜ ਜਾਂ ਸਮਾਜ ਦੇ ਖੇਤਰ ਦੀ ਲੋਕ ਕਹਾਣੀ ਨੂੰ ਸਮਝਣਾ ਮੁਸ਼ਕਿਲ ਹੁੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਕਿਸੇ ਵਿਸ਼ੇਸ਼ ਭੂਗੋਲਿਕ ਖੇਤਰ ਦੇ ਲੋਕਾਂ ਦਾ ਸਭਿਆਚਾਰਕ ਜੀਵਨ ਢੰਗ ਵੱਖਰਾ ਹੁੰਦਾ ਹੈ। ਉੱਥੋਂ ਦੀਆਂ ਲੋਕ ਰੂੜੀਆਂ, ਬਿੰਬ ਵਿਧਾਨ ਅਤੇ ਭਾਸ਼ਾ ਜਿਹੇ ਤੱਤ ਉਸ ਖੇਤਰ ਦੇ ਲੋਕ ਸਾਹਿਤ ਅਤੇ ਲੋਕ ਕਹਾਣੀ ਨੂੰ ਸਮਝਣ ਵਿਚ ਮੁੱਖ ਭੂਮਿਕਾ ਨਿਭਾਉਂਦੇ ਹਨ। ਇਹੋ ਕਾਰਨ ਹੈ ਕਿ ਕਿਸੇ

ਖਿੱਤੇ ਦੀ ਲੋਕ ਕਹਾਣੀ ਨੂੰ ਸਮਝਣ ਲਈ ਉਪਰੋਕਤ ਪਹਿਲੂਆਂ ਤੋਂ ਜਾਣੂ ਹੋਣਾ ਜ਼ਰੂਰੀ ਹੈ। ਸਮੁੱਚਾ ਲੋਕ ਸਾਹਿਤ ਵੈਸੇ ਤਾਂ ਪਰੰਪਰਾ ਦੇ ਰੂਪ ਵਿਚ ਪੀੜ੍ਹੀ-ਦਰ ਪੀੜ੍ਹੀ ਅੱਗੇ ਵੱਧਦਾ ਹੈ। ਇਸ ਵਰਤਾਰੇ ਵਿਚ ਲੋਕ ਸਾਹਿਤ ਦੇ ਕੁੱਝ ਨਵੇਂ ਰੂਪ ਸਮੇਂ ਨਾਲ ਮੁੱਖ ਧਾਰਾ ਵਿਚ ਪ੍ਰਵੇਸ਼ ਕਰਦੇ ਹਨ ਤੇ ਕੁੱਝ ਰੂਪ ਨਿੱਖੜਦੇ ਰਹਿੰਦੇ ਹਨ। ਨਿੱਖੜਣ ਵਾਲੇ ਰੂਪਾਂ ਵਿਚੋਂ ਉਦਾਹਰਨ ਲੰਮੇ ਬਿਰਤਾਂਤਕ ਰੂਪ ਜਾਂ ਉਹ ਰੂਪ ਜਿਨ੍ਹਾਂ ਦਾ ਪ੍ਰਚੱਲਣ ਮੌਜੂਦਾ ਸਮੇਂ ਵਿਚ ਨਾਂਹ ਦੇ ਬਰਾਬਰ ਹੈ ਦੇਖੇ ਜਾ ਸਕਦੇ ਹਨ। ਇਨ੍ਹਾਂ ਰੂਪਾਂ ਵਿਚ "ਸੁਹਾਗ, ਘੋੜੀਆਂ, ਛੰਦ, ਸਿੱਠਣੀਆਂ, ਲੋਕਵਾਰਾਂ, ਲੋਕ ਗਾਥਾਵਾਂ ਆਦਿ ਦੀ ਸਿਰਜਣਾ ਹੁਣ ਨਹੀਂ ਹੋ ਰਹੀ।"[1] ਇਨ੍ਹਾਂ ਦਾ ਅਜੋਕੇ ਸਮੇਂ ਵਿਚ ਨਵੀਂ ਸਿਰਜਣਾ ਦੇ ਪੱਖੋਂ ਆਧਾਰ ਲੱਗਭੱਗ ਖਤਮ ਹੀ ਹੋ ਗਿਆ ਹੈ। ਦੂਸਰੇ ਪਾਸੇ ਲੋਕਧਾਰਾ ਦੇ ਕੁੱਝ ਰੂਪ ਪਰੰਪਰਾ ਵਾਂਗ ਨਾਂ ਸਹੀ ਪਰੰਤੂ ਨਵੇਂ ਰੂਪਾਂ ਵਿਚ ਜਿਵੇਂ ਟੈਕਨਾਲੋਜੀ ਦੇ ਸਾਧਨਾਂ 'ਤੇ ਵੱਖ-ਵੱਖ ਸੋਸ਼ਲ ਸਾਈਟਾਂ 'ਤੇ ਚੱਲਣ ਵਾਲੀਆਂ ਸ਼ਾਰਟ ਸਟੋਰੀਆਂ ਦੇ ਰੂਪ ਵਿਚ ਇਨ੍ਹਾਂ ਦੀ ਸਿਰਜਣਾ ਦਾ ਇਕ ਪੱਖ ਦੇਖਿਆ ਜਾ ਸਕਦਾ ਹੈ। ਲੋਕਧਾਰਾ ਦੇ ਇੰਨ੍ਹਾਂ ਰੂਪਾਂ ਵਿਚ ਛੋਟੇ ਰੂਪਾਂ ਦਾ ਵਿਸ਼ੇਸ਼ ਯੋਗਦਾਨ ਹੈ। "ਲੋਕ ਹਾਸ-ਵਿਅੰਗ, ਮਿਥ, ਮੁੱਢੀ, ਲੋਕ ਬੋਲੀ ਅਜੇ ਵੀ ਸ਼ਕਤੀਸ਼ਾਲੀ ਰੂਪ ਵਿਚ ਪ੍ਰਚੱਲਿਤ ਹਨ। ਟੱਪੇ ਅਤੇ ਬੋਲੀਆਂ ਵੀ ਅਜੋਕੀ ਸਥਿਤੀ ਨੂੰ ਫੜਨ ਦੇ ਸਮਰੱਥ ਹਨ। ਇਸ ਲਈ ਇਨ੍ਹਾਂ ਦੀ ਸਿਰਜਨਾ ਹੋ ਰਹੀ ਹੈ।"[2] ਇਨ੍ਹਾਂ ਤੋਂ ਇਲਾਵਾ ਲੋਕ ਕਹਾਣੀਆਂ ਵੀ ਪਰੰਪਰਾਤਮਕ ਰੂਪ ਵਿਚ ਸੁਣਨ-ਸੁਣਾਉਣ ਦੇ ਯੁੱਗ ਵਿਚੋਂ ਨਿਕਲ ਚੁੱਕੀਆਂ ਹਨ। ਅਜੋਕੇ ਸਮੇਂ ਵਿਚ ਇਨ੍ਹਾਂ ਕਹਾਣੀਆਂ ਨੂੰ ਉਪਰੋਕਤ ਬਦਲਵੇਂ ਰੂਪਾਂ ਵਿਚ ਥੋੜਾ ਬਹੁਤ ਹੇਰ-ਫੇਰ ਕਰਦਿਆਂ ਇਨ੍ਹਾਂ ਦਾ ਫਿਲਮਾਂਕਣ ਸ਼ਾਰਟ ਸਟੋਰੀਆਂ ਦੇ ਰੂਪ ਵਿਚ ਅਤੇ ਲਘੂ ਸੀਰੀਅਲਾਂ ਜਾਂ ਨਾਟਕਾਂ ਦੇ ਰੂਪ ਵਿਚ ਪਰਿਵਰਤਿਤ ਕਰਕੇ ਕੀਤਾ ਜਾ ਰਿਹਾ ਹੈ।

ਲੋਕ ਸਾਹਿਤ ਦੇ ਵੱਖ-ਵੱਖ ਰੂਪਾਂ ਵਾਂਗ ਲੋਕ ਕਹਾਣੀ ਦਾ ਰਵਾਇਤੀ ਪ੍ਰਚੱਲਣ ਵੀ ਲਗਾਤਾਰ ਘਟਦਾ ਜਾ ਰਿਹਾ ਹੈ। ਪੰਜਾਬੀ ਖੋਜਾਰਥੀਆਂ ਦੀ ਲੰਮੀ ਘਾਲਣਾ ਅਤੇ ਸਿਰੜ ਸਦਕਾ ਬਹੁਤ ਸਾਰੀਆਂ ਲੋਕ ਕਹਾਣੀਆਂ ਪੁਸਤਕਾਂ ਦੇ ਰੂਪ ਵਿਚ ਸੰਕਲਿਤ ਹੋ ਕੇ ਸਾਂਭੀਆਂ ਤੇ ਸੰਭਾਲੀਆਂ ਜਾ ਰਹੀਆਂ ਹਨ। ਪਰੰਪਰਾ ਦੇ ਰੂਪ ਵਿਚ ਲੋਕ ਕਹਾਣੀ ਦਾ ਪ੍ਰਚੱਲਣ ਬਾਕੀ ਲੋਕ ਸਾਹਿਤਕ ਰੂਪਾਂ ਵਾਂਗ "ਲੋਕਧਾਰਾ ਦੀ ਪਰੰਪਰਾਗਤ ਪੇਸ਼ਕਾਰੀਆਂ ਸਮੇਂ ਪੇਸ਼ਕਾਰ ਅਤੇ ਸਰੋਤਾ/ਦਰਸ਼ਕ ਇਕ ਸਕ੍ਰਿਆ ਭੂਮਿਕਾ ਵਿਚ ਰਹਿੰਦੇ ਹਨ। ਸਰੋਤੇ/ਦਰਸ਼ਕ ਦੀ ਪੇਸ਼ਕਾਰੀ ਨੂੰ ਸਰੋਤੇ/ਦਰਸ਼ਕ ਵੱਲੋਂ ਮਿਲਣ ਵਾਲਾ ਹੁੰਗਾਰਾ ਪੇਸ਼ਕਾਰੀ ਨੂੰ ਸਕਾਰਾਤਮਕ

ਜਾਂ ਨਕਾਰਾਤਮਕ ਰੂਪ ਵਿਚ ਪ੍ਰਭਾਵਿਤ ਕਰਦਾ ਸੀ।"[3] ਜਦੋਂਕਿ ਅਜੋਕੇ ਸਮੇਂ ਵਿਚ ਪਰੰਪਰਾਗਤ ਰੂਪ ਲੁਪਤ ਹੁੰਦਾ ਜਾ ਰਿਹਾ ਹੈ। ਅੱਜ ਪੇਸ਼ਕਾਰੀ ਤੇ ਸਰੋਤਾ ਹੀ ਰਹਿ ਗਿਆ ਹੈ। ਪੇਸ਼ਕਾਰ ਵਿਚੋਂ ਮਨਫ਼ੀ ਹੈ ਜਾਂ ਰਿਕਾਰਡਡ ਜਾਂ ਹੋਰ ਟੈਕਨਾਲੋਜੀ ਦੇ ਸਾਧਨਾਂ ਤੇ ਪੇਸ਼ਕਾਰੀ ਚੱਲਦੀ ਰਹਿੰਦੀ ਹੈ। ਕਈ ਵਾਰ ਤਾਂ ਉਸਨੂੰ ਸਰੋਤਾ ਜਾਂ ਦਰਸ਼ਕ ਵੀ ਨਹੀਂ ਦੇਖਦੇ। ਪਰੰਪਰਾਗਤ ਰੂਪ ਵਿਚ ਸਰੋਤਾ/ਦਰਸ਼ਕ ਦੀ ਕਿਰਿਆਸ਼ੀਲ ਭੂਮਿਕਾ ਹੁੰਦੀ ਸੀ ਉਸਦਾ ਹੁੰਗਾਰਾ ਉਸੇ ਸਮੇਂ ਰਚਨਾ ਦੇ ਚੰਗੇ ਜਾਂ ਮਾੜੇ ਹੋਣ ਦਾ ਅਨੁਮਾਨ ਲਗਾ ਦਿੰਦਾ ਸੀ। ਰੇਡਿਓ ਅਤੇ ਟੈਲੀਵਿਜ਼ਨ ਦੇ ਦੌਰ ਤੱਕ ਸਰੋਤਾ/ਦਰਸ਼ਕ ਡਿਜੀਟਲ ਸਾਧਨਾਂ 'ਤੇ ਪ੍ਰਚੱਲਤ ਲੋਕਧਾਰਾ ਵਿਚੋਂ ਮਨਫ਼ੀ ਹੁੰਦਾ ਰਿਹਾ ਹੈ ਪਰੰਤੂ ਅਜੋਕੀ ਲੋਕਧਾਰਾ ਦੀ ਪੇਸ਼ਕਾਰੀ ਵਿਚ ਸਰੋਤਾ/ਦਰਸ਼ਕ ਦੀ ਭੂਮਿਕਾ ਫਿਰ ਤੋਂ ਵਧਣ ਲੱਗੀ ਹੈ ਕਿਉਂਕਿ ਟੈਕਨਾਲੋਜੀ ਦੇ ਨਵੇਂ ਸੰਦਾ ਨੇ ਸਰੋਤਾ ਵਰਗ ਨੂੰ ਕਮੈਂਟਾਂ, ਲਾਇਕ ਜਾਂ ਅਨਲਾਇਕ ਦੇ ਰੂਪ ਵਿਚ ਫਿਰ ਤੋਂ ਉਸਨੂੰ ਐਕਟਿਵ ਕਰ ਦਿੱਤਾ ਹੈ। ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਲੋਕਧਾਰਾ ਦਾ ਪਰੰਪਰਾਗਤ ਪ੍ਰਚੱਲਣ ਲਗਾਤਾਰ ਬਦਲਦਾ ਰਹਿੰਦਾ ਹੈ। ਇਸਦੇ ਬਾਵਜੂਦ ਵੀ ਲੋਕ ਸਾਹਿਤ ਦੇ ਕੁੱਝ ਰੂਪ ਉਪਜਦੇ ਅਤੇ ਕੁੱਝ ਰੂਪ ਬਿਨਸਦੇ ਰਹਿੰਦੇ ਹਨ।

ਅੱਜ ਲੋਕਧਾਰਾ (ਲੋਕ ਕਹਾਣੀ) ਦਾ ਪਰੰਪਰਾਗਤ ਪ੍ਰਚੱਲਣ ਲੱਗਭੱਗ ਖਤਮ ਜਾਂ ਆਪਣੇ ਆਖਰੀ ਸਾਹਾਂ 'ਤੇ ਹੈ। ਇਸ ਕਰਕੇ ਲੋਕ ਕਹਾਣੀ ਜਿਸਨੂੰ ਪਹਿਲਾਂ ਉਚਾਰਣ ਕਰਕੇ ਲੰਮੀਆਂ ਰਾਤਾਂ ਜਾਂ ਸਿਆਲਾਂ ਦੀਆਂ ਧੂਣੀਆਂ ਦੁਆਲੇ ਸੁਣਿਆ-ਸੁਣਾਇਆ ਜਾਂਦਾ ਸੀ। ਉਹ ਰੂਪ ਆਉਣ ਵਾਲੇ ਸਮੇਂ ਵਿਚ ਖਤਮ ਹੋ ਜਾਵੇਗਾ। ਅਜਿਹੀ ਸਥਿਤੀ ਵਿਚ ਇਸ ਵਿਧਾ ਨੂੰ ਰਿਕਾਰਡ ਕੀਤੀਆਂ (ਲਿਖਤ) ਪੁਸਤਕ ਰੂਪ ਵਿਚ ਪੜ੍ਹਿਆ ਜਾਂ ਸਮਝਿਆ ਜਾਵੇਗਾ। ਇਸ ਕਰਕੇ ਜ਼ਰੂਰੀ ਹੈ ਕਿ ਇਨ੍ਹਾਂ ਲੋਕ ਕਹਾਣੀਆਂ ਨੂੰ ਪੜ੍ਹਣ ਸਮੇਂ ਕੁੱਝ ਜ਼ਰੂਰੀ ਨੁਕਤਿਆਂ ਬਾਰੇ ਗੱਲ ਕਰਨਾ ਤਾਂ ਜੋ ਲੋਕ ਕਹਾਣੀ ਦੀ ਟੈਕਸਟ ਨੂੰ ਪੜ੍ਹਦਿਆਂ ਇਸਨੂੰ ਸਮਝਿਆ ਅਤੇ ਇਸ ਦੇ ਮੂਲ ਮੰਤਵਾਂ ਤੱਕ ਪੁੱਜਿਆ ਜਾ ਸਕੇ। ਆਧੁਨਿਕ ਸੰਚਾਰ ਸਾਧਨਾਂ ਅਤੇ ਟੈਕਨਾਲੋਜੀ ਦੇ ਸਹਾਰੇ ਹਾਲਾਂਕਿ ਲੋਕ ਕਹਾਣੀਆਂ ਦੇ ਬਹੁਤ ਸਾਰੇ ਬਿਰਤਾਂਤਾਂ (ਬੀਬੀ ਰਜਨੀ, ਸੁੱਚਾ ਸੂਰਮਾ) ਨੂੰ ਟੈਲੀਫਿਲਮਾਂ ਜਾਂ ਯੂ-ਟਿਊਬ, ਸਨੈਪਚੈਟ, ਇੰਸਟਾਗ੍ਰਾਮ ਜਾਂ ਫੇਸਬੁੱਕ ਦੀਆਂ ਸ਼ਾਰਟ ਸਟੋਰੀਆਂ ਵਿਚ ਵੀ ਪੇਸ਼ ਕੀਤਾ ਜਾ ਰਿਹਾ ਹੈ ਜੋ ਲੋਕ ਕਹਾਣੀਆਂ ਦਾ ਬਦਲਵਾਂ ਰੂਪ ਵੀ ਹਨ। ਇਨ੍ਹਾਂ ਤੋਂ ਇਲਾਵਾ ਲੋਕ ਕਹਾਣੀਆਂ ਦੇ ਆਧਾਰ 'ਤੇ ਨਾਵਲਾਂ, ਨਾਟਕਾਂ ਅਤੇ ਵਸ਼ਿਸ਼ਟ ਕਹਾਣੀਆਂ ਦਾ ਨਿਰਮਾਣ (ਇਕ ਰਮਾਇਣ ਹੋਰ, ਬੋਲ ਮੇਰੀ ਮੱਛਲੀ) ਬਹੁਤ ਸਮੇਂ

ਪਹਿਲਾਂ ਤੋਂ ਹੀ ਆਰੰਭ ਹੋ ਚੁੱਕਿਆ ਹੈ। ਅਜੋਕੀ ਇੱਕੀਵੀਂ ਸਦੀ ਵਿਚ ਇਹ ਪਰੰਪਰਾ ਹੋਰ ਅੱਗੇ ਜਾ ਤੁਰੀ ਹੈ।

ਇਨ੍ਹਾਂ ਲੋਕ ਕਹਾਣੀਆਂ ਦੀ ਪ੍ਰਵਿਰਤੀ ਨੂੰ ਸਮਝਿਆਂ ਹੀ ਇਨ੍ਹਾਂ ਦੇ ਪਰਿਵਰਤਿਤ ਰੂਪਾਂ ਦੀ ਸਾਰਥਕ ਹੋਂਦ ਸੰਭਵ ਹੋ ਸਕਦੀ ਹੈ। ਇਸ ਕਰਕੇ ਲੋਕ ਕਹਾਣੀਆਂ ਨੂੰ ਸਮਝਣ ਲਈ ਜ਼ਰੂਰੀ ਪਹਿਲੂਆਂ 'ਤੇ ਬਹਿਸ ਕਰਨਾ ਇਕ ਜ਼ਰੂਰੀ ਮੁੱਦਾ ਹੈ। ਇਸੇ ਸੰਦਰਭ ਇਨ੍ਹਾਂ ਲੋਕ ਕਹਾਣੀਆਂ ਨੂੰ ਪੜ੍ਹਿਆ ਕਿਵੇਂ ਜਾਵੇ ਇਹ ਮੁੱਦਾ ਵੀ ਉੱਭਰ ਕੇ ਸਾਹਮਣੇ ਆਉਣਾ ਕੁਦਰਤਨ ਹੈ।

**ਇਤਿਹਾਸਕਤਾ:** ਕਿਸੇ ਵੀ ਸਾਹਿਤਕ ਵਿਧਾ ਨੂੰ ਸਮਝਣ ਲਈ ਸਭ ਤੋਂ ਜ਼ਰੂਰੀ ਹੈ ਕਿ ਉਸ ਵਿਧਾ ਨੂੰ ਲਿਖਿਆ ਜਾਂ ਸਿਰਜਿਆ ਕਿਸ ਕਾਲ ਵਿਚ ਹੈ ਇਹ ਜਾਨਣਾ ਬਹੁਤ ਜ਼ਰੂਰੀ ਹੈ। ਜਦੋਂ ਤੱਕ ਅਸੀਂ ਉਸ ਰਚਨਾ ਦੇ ਰਚਨਕਾਲ ਬਾਰੇ ਨਹੀਂ ਜਾਣਾਂਗੇ ਉਦੋਂ ਤੱਕ ਉਸ ਰਚਨਾ ਨੂੰ ਸਮਝਣ ਤੋਂ ਅਸੀਂ ਅਸਮਰਥ ਹੀ ਰਹਾਂਗੇ। ਇਸ ਸਬੰਧ ਵਿਚ ਅਸੀਂ ਦੰਤ ਕਥਾਵਾਂ ਦੀ ਉਦਾਹਰਨ ਲੈ ਸਕਦੇ ਹਾਂ। "ਦੰਦ-ਕਥਾਵਾਂ ਵਿਚ ਕੁਝ ਅੰਸ਼ ਇਤਿਹਾਸ ਦਾ ਹੁੰਦਾ ਹੈ ਤੇ ਕੁਝ ਗਲਪ ਦਾ! ਮੂਲ ਅੰਕੁਰ ਕੋਈ ਇਤਿਹਾਸਕ ਤੱਥ ਹੀ ਹੁੰਦਾ ਹੈ, ਜਿਸ ਦੇ ਦੁਆਲੇ ਲੋਕ-ਵਿਸ਼ਵਾਸ਼ਾਂ, ਮਨੌਤਾਂ, ਜਾਤੀ ਸੰਘਰਸ਼ਾਂ ਦਾ ਜਾਲਾ ਬੁਣ ਲਿਆ ਜਾਂਦਾ ਹੈ। ਕੁਝ ਰੂੜ੍ਹੀਗਤ ਕਥਾ ਅੰਸ਼ ਵੀ ਇਸ ਵਿਚ ਰਚਾ ਲਿਆ ਜਾਂਦਾ ਹੈ। ਹਰ ਪੀੜ੍ਹੀ ਆਪਣੀ ਸੋਚਣੀ ਤੇ ਅਨੁਭਵ ਨਾਲ ਇਸ ਵਿਚ ਵਾਧੇ ਘਾਟੇ ਕਰਦੀ ਹੈ ਤੇ ਅਖ਼ੀਰ ਇਸ ਦਾ ਮੂੰਹ ਮੱਥਾ ਅਜਿਹਾ ਭਰਵਾਂ, ਸੁਨੱਖਾ ਤੇ ਜਲੌ ਭਰਿਆ ਨਿੱਖਰ ਆਉਂਦਾ ਹੈ ਕਿ ਇਹ ਨਿਰਣਾ ਕਰਨਾ ਔਖਾ ਹੁੰਦਾ ਹੈ ਕਿ ਕਿਹੜਾ ਅੰਸ਼ ਇਤਿਹਾਸਕ ਹੈ ਤੇ ਕਿਹੜਾ ਕਾਲਪਨਿਕ।"[4] ਉਪਰੋਕਤ ਪੱਖ ਨੂੰ ਸਮਝਦੇ ਹੋਏ ਅਸੀਂ ਆਖ ਸਕਦੇ ਹਾਂ ਕਿ ਦੰਤ ਕਥਾਵਾਂ ਨੂੰ ਸਮਝਣ ਲਈ ਸਾਹਿਤਕ ਖੋਜੀਆਂ ਜਾਂ ਖੋਜਾਰਥੀਆਂ ਨੂੰ ਇਤਿਹਾਸਕ ਵੇਰਵਿਆਂ ਬਾਰੇ ਜਾਣਨਾ ਜ਼ਰੂਰੀ ਹੈ। ਆਮ ਪਾਠਕਾਂ ਵਿਚ ਤਾਂ ਇਹ ਕਥਾਵਾਂ ਮਨੋਰੰਜਨ ਜਾਂ ਆਸਥਾ ਤੱਕ ਹੀ ਸੀਮਤ ਹੋ ਸਕਦੀਆਂ ਹਨ ਪਰੰਤੂ ਵਿਦਵਾਨ ਸੱਜਣਾਂ ਤੋਂ ਇਹ ਉਮੀਦ ਲਗਾਈ ਜਾਂਦੀ ਹੈ ਕਿ ਉਹ ਕਥਾ ਵਿਚਲੇ ਮੋਟਿਫਾਂ ਨੂੰ ਫੜਦੇ ਹੋਏ ਕਥਾ ਦੀ ਤਹਿ ਤੱਕ ਜਾਣ। ਉਹ ਖ਼ੁਦ ਉਸ ਕਥਾ ਦੇ ਮਹੱਤਵ ਨੂੰ ਸਮਝਦੇ ਹੋਏ ਦੂਸਰਿਆਂ ਨੂੰ ਵੀ ਜਾਣੂ ਕਰਵਾਉਂਦੇ ਹਨ। ਗੁਰੂ ਅਰਜਨ ਦੇਵ ਜੀ ਨਾਲ ਸਬੰਧਿਤ ਲੋਕ ਕਹਾਣੀ "ਸੱਮਣ ਅਤੇ ਮੂਸਣ"[5] ਨੂੰ ਜੇਕਰ ਸਮਝਣਾ ਹੈ ਤਾਂ ਗੁਰੂ ਸਾਹਿਬਾਨ ਦੇ ਸਮੇਂ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਪੁੰਨ-ਦਾਨ ਤੇ ਲੰਗਰ ਪ੍ਰਥਾ ਇਸੇ ਸਮੇਂ ਆਪਣੇ ਉੱਚਤਮ ਰੂਪ ਵਿਚ ਪੁੱਜਦੀ ਹੈ। ਲੋਕ ਗੁਰੂ ਸਾਹਿਬਾਨ ਦੇ ਸਤਿਕਾਰ ਵਿਚ ਉਨ੍ਹਾਂ ਨੂੰ ਘਰ

ਸੱਦਦੇ ਤੇ ਉਨ੍ਹਾਂ ਦੀ ਸੇਵਾ ਕਰਕੇ ਆਪਣੇ ਮਨ ਦੀ ਨਵਿਰਤੀ ਕਰਦੇ ਹਨ। ਇਸ ਕਹਾਣੀ ਵਿਚ ਵੀ ਇਹੋ ਬਿਰਤਾਂਤ ਹੈ ਕਿ ਕਿਸ ਤਰ੍ਹਾਂ ਗਰੀਬ ਸੱਮਣ ਗੁਰੂ ਦੀ ਸੇਵਾ ਵਿਚ ਆਪਣਾ ਸਭ ਕੁਝ ਅਰਪਣ ਕਰ ਦਿੰਦਾ ਹੈ। ਸੇਠ ਦੇ ਰਸਦ ਦੇਣ ਤੋਂ ਮਨਾ ਕਰਨ ਤੇ ਉਹ ਤੇ ਉਸਦਾ ਪੁੱਤਰ ਚੋਰੀ ਕਰਦੇ ਹਨ। ਚੋਰੀ ਕਰਦੇ ਫੜੇ ਜਾਣ ਤੇ ਗੁਰੂ ਦੀ ਬੇਇੱਜਤੀ ਨਾ ਹੋਵੇ ਇਸ ਲਈ ਸੱਮਣ ਆਪਣੇ ਪੁੱਤਰ ਦਾ ਗਲ ਵੱਢ ਕੇ ਆਸਥਾ ਦੀ ਸਭ ਤੋਂ ਵੱਡੀ ਮਿਸਾਲ ਪੇਸ਼ ਕਰਦਾ ਹੈ। ਕਹਾਣੀ ਦੇ ਅੰਤ ਵਿਚ ਚਮਤਕਾਰ ਦੇਖਣ ਨੂੰ ਮਿਲਦਾ ਹੈ ਜਦੋਂ ਗੁਰੂ ਸਾਹਿਬ ਅੰਦਰ ਰੱਖੀ ਲਾਸ਼ (ਮੂਸਣ) ਨੂੰ ਆਵਾਜ਼ ਮਾਰਦੇ ਹਨ ਤੇ ਮੂਸਣ ਉੱਠ ਕੇ ਬਾਹਰ ਆ ਜਾਂਦਾ ਹੈ। "ਗੁਰੂ ਜੀ ਨੇ ਉਸੇ ਵੇਲੇ ਅਵਾਜ਼ ਦਿੱਤੀ, "ਹੇ ਮੂਸਣ, ਉੱਠ ਅਸੀਂ ਤਾਂ ਤੇਰੇ ਪ੍ਰੇਮ ਦੇ ਬੱਧੇ ਹੋਏ ਹੀ ਇੱਥੇ ਆਏ ਹਾਂ; ਤੈਥੋਂ ਬਿਨਾਂ ਸਾਨੂੰ ਭੋਜਨ ਛੱਕਣ ਦਾ ਸੁਆਦ ਨਹੀਂ ਆਉਣਾ। ਉੱਠ ਬਈ, ਮੂਸਣ ਸਾਡੇ ਨਾਲ ਬੈਠ ਕੇ ਪ੍ਰਸ਼ਾਦਾ ਛੱਕ।"[6] ਜੇਕਰ ਇਸ ਕਹਾਣੀ ਦੇ ਪਿਛੋਕੜ ਨੂੰ ਨਾ ਸਮਝਿਆ ਜਾਵੇ ਤਾਂ ਸਾਡੀਆਂ ਕਦਰਾਂ-ਕੀਮਤਾਂ ਅਨੁਸਾਰ ਚੋਰੀ ਕਰਨਾ ਪਾਪ ਹੈ। ਸੱਮਣ ਤੇ ਮੂਸਣ ਜੋ ਕੰਮ ਕਰਦੇ ਹਨ। ਉਹ ਗਲਤ ਹੈ ਪਰੰਤੂ ਜਦੋਂ ਅਸੀਂ ਇਸ ਕਹਾਣੀ ਦੀ ਪਿੱਠ-ਭੂਮੀ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਉਨ੍ਹਾਂ ਦੀ ਸ਼ਰਧਾ-ਭਾਵਨਾ ਦਾ ਪ੍ਰਗਟਾਵਾ ਨਜ਼ਰ ਆਵੇਗਾ। ਅਜਿਹੀਆਂ ਲੋਕ ਕਹਾਣੀਆਂ ਦੁਆਰਾ ਲੋਕਾਂ ਵਿਚ ਗੁਰੂ ਸਾਹਿਬ ਅਤੇ ਧਰਮ ਵਿਚ ਵਿਸ਼ਵਾਸ਼ ਹੋਰ ਮਜ਼ਬੂਤ ਹੁੰਦਾ ਹੈ। ਇਸ ਕਥਾ ਵਿਚਲਾ ਪਾਤਰ ਗੁਰੂ ਅਰਜਨ ਦੇਵ ਜੀ ਇਕ ਇਤਿਹਾਸਕ ਪਾਤਰ ਹੈ। ਉਨ੍ਹਾਂ ਦੇ ਨਾਲ ਜੁੜੀ ਇਹ ਕਥਾ ਲੋਕਾਂ ਵਿਚ ਉਨ੍ਹਾਂ ਪ੍ਰਤੀ ਵਿਸ਼ਵਾਸ਼ ਦੀ ਭਾਵਨਾ ਨੂੰ ਪੇਸ਼ ਕਰਦੀ ਹੈ। ਗੁਰੂ ਸਾਹਿਬ ਜੋ ਖ਼ੁਦ ਦੂਸਰਿਆਂ ਲਈ ਆਪਣੀ ਕੁਰਬਾਨੀ ਦੇ ਗਏ। ਆਮ ਲੋਕਾਈ ਲਈ ਇਹ ਇਕ ਮਿਸਾਲ ਹੈ। ਅਜਿਹੀਆਂ ਕਹਾਣੀਆਂ ਨੂੰ ਸਮਝਣ ਲਈ ਸਾਨੂੰ ਘਟਨਾ-ਕਾਲ ਦੇ ਇਤਿਹਾਸਕ ਪੱਖ ਤੋਂ ਜਾਣੂ ਹੋਣਾ ਜ਼ਰੂਰੀ ਹੋ ਜਾਂਦਾ ਹੈ।

**ਸਮਾਜਿਕ ਪੱਖ:** ਲੋਕ ਸਾਹਿਤ ਦੀ ਜਦੋਂ ਗੱਲ ਤੁਰਦੀ ਹੈ ਤਾਂ ਇਹ ਸਾਹਿਤਕ ਰੂਪ ਸਬੰਧਿਤ ਸਮਾਜ ਦੀ ਹੀ ਪੈਰਵੀ ਕਰਦਾ ਹੈ। ਲੋਕ ਕਹਾਣੀ ਨੂੰ ਪੜ੍ਹਣ ਸਮੇਂ ਸਮਾਜ ਦੇ ਵੱਖ-ਵੱਖ ਪ੍ਰਬੰਧਾਂ ਨੂੰ ਜਾਣਿਆਂ ਜਾ ਸਕਦਾ ਹੈ। ਉਦਾਹਰਨ ਵਜੋਂ ਜੇਕਰ ਇੱਥੇ ਅਸੀਂ ਵਿਆਹ ਦੇ ਪ੍ਰਬੰਧ ਦੀ ਹੀ ਗੱਲ ਕਰ ਲਈਏ ਤਾਂ ਅਸੀਂ ਪੁਰਾਤਨ ਸਮਿਆਂ ਬਾਰੇ ਪੁਸਤਕ ਰੂਪ ਵਿਚ ਜਾਂ ਬਜ਼ੁਰਗਾਂ ਕੋਲੋਂ ਅਕਸਰ ਹੀ ਇਹ ਸੁਣਿਆ ਹੈ ਕਿ ਵਿਆਹ ਬਚਪਨ ਵਿਚ ਹੀ ਤੈਅ ਹੋ ਜਾਂਦੇ ਸਨ। ਉਹ ਗੱਲ ਵੱਖਰੀ ਹੈ ਕਿ ਲੜਕੇ ਨੂੰ ਮੁਕਲਾਵਾ ਕੁੜੀ ਅਤੇ ਮੁੰਡੇ ਦੇ ਜਵਾਨ ਹੋਣ ਜਾਂ

ਕਈ ਵਾਰ ਵਿਆਹ ਤੋਂ ਥੋੜਾ ਸਮਾਂ ਰੁਕ ਕੇ ਹੀ ਦਿੱਤਾ ਜਾਂਦਾ ਸੀ। "ਫੱਗੂ ਜੁਲਾਹੇ ਦੇ ਵਿਆਹ ਨੂੰ ਛੇ ਮਹੀਨੇ ਹੋ ਗਏ ਸਨ। ਫੱਗੂ ਦੀ ਮਾਂ ਨੇ ਵਿਚੋਲੇ ਨੂੰ ਮੁਕਲਾਵੇ ਬਾਰੇ ਕਈ ਵਾਰ ਆਖਿਆ ਪਰ ਫੱਗੂ ਦੇ ਸਹੁਰੇ, ਗਏ ਵਿਚੋਲੇ ਨੂੰ ਸਿਰ ਫੇਰ ਦੇਂਦੇ ਸਨ ਕਿ ਅਸੀਂ ਆਪਣੀ ਛੋਟੀ ਕੁੜੀ ਦੇ ਵਿਆਹ ਨੂੰ ਮੁੰਡਾ ਸਦਵਾ ਲਵਾਂਗੇ ਤੇ ਲਿਬੜੀਂ ਭਾਂਡੀਂ ਮੁਕਲਾਵਾ ਤੋਰ ਦਿਆਂਗੇ।"[7] ਇੱਥੇ ਲੋਕ ਕਹਾਣੀ ਨੂੰ ਪੜ੍ਹਣ ਵਾਲੇ ਪਾਠਕ ਨੂੰ ਜੇਕਰ 'ਮੁਕਲਾਵਾ' ਸ਼ਬਦ ਬਾਰੇ ਹੀ ਜਾਣਕਾਰੀ ਨਹੀਂ ਤਾਂ ਉਹ ਸਮਾਜਿਕ ਪੱਖ ਨਾਲ ਜੁੜੀਆਂ ਲੋਕ ਕਹਾਣੀਆਂ ਨੂੰ ਸਮਝਣ ਤੋਂ ਅਸਮਰਥ ਹੋਵੇਗਾ ਜਾਂ ਉਸਨੂੰ ਅਜਿਹੀਆਂ ਲੋਕ ਕਹਾਣੀਆਂ ਦੇ ਭਾਵ-ਅਰਥ ਸਮਝ ਹੀ ਨਹੀਂ ਆਉਣਗੇ। ਅਜਿਹੀ ਸਥਿਤੀ ਵਿਚ ਪਾਠਕ ਨੂੰ ਚਾਹੀਦਾ ਹੈ ਕਿ ਉਹ ਆਪਣੇ ਵੱਡ-ਵਡੇਰਿਆਂ ਜਾਂ ਲੋਕਧਾਰਾ ਸ਼ਾਸ਼ਤਰ ਦੇ ਕੋਸ਼ਾਂ ਤੋਂ ਸਹਾਇਤਾ ਪ੍ਰਾਪਤ ਕਰੇ। ਇਸ ਨਾਲ ਉਸਨੂੰ ਅਜਿਹੀਆਂ ਰੀਤਾਂ-ਰਸਮਾਂ ਅਤੇ ਸ਼ਬਦਾਵਲੀ ਦਾ ਡੂੰਘਾ ਗਿਆਨ ਹੋਵੇਗਾ ਤੇ ਲੋਕ ਕਹਾਣੀ ਨਾਲ ਸਹੀ-ਸਹੀ ਨਿਆਏ ਕਰ ਸਕੇਗਾ। ਵਿਆਹ ਦੇ ਪ੍ਰਬੰਧ ਤੋਂ ਇਲਾਵਾ ਲੋਕ ਕਹਾਣੀਆਂ ਵਿਚ ਸਾਨੂੰ ਵਿਅਕਤੀ ਦੇ ਜਨਮ ਤੋਂ ਲੈ ਕੇ ਉਸਦੇ ਮਰਨ ਤੱਕ ਦੀਆਂ ਕਿਰਿਆਵਾਂ ਦਾ ਲੋਕ ਕਹਾਣੀਆਂ ਵਿਚ ਸਹਿਜੇ ਹੀ ਵੇਰਵਾ ਦੇਖਣ ਨੂੰ ਮਿਲ ਜਾਂਦਾ ਹੈ। ਇਹ ਵੇਰਵਾ ਜਿੱਥੇ ਮਨੁੱਖ ਨੂੰ ਉਸ ਸਮਾਜ ਦੇ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। ਉੱਥੇ ਹੀ ਉਸ ਸਮਾਜ ਵਿਚਲੀ ਸ਼ਬਦਾਵਲੀ ਉਸ ਖੋਜਾਰਥੀ ਦੀ ਪ੍ਰੀਖਿਆ ਲੈਂਦੀ ਹੈ ਕਿਉਂਕਿ ਸ਼ਬਦਾਂ ਦੇ ਅਰਥ ਸਿਰਫ਼ ਕੋਸ਼ਾਂ ਤੱਕ ਹੀ ਸੀਮਤ ਨਹੀਂ ਹੁੰਦੇ ਇਨ੍ਹਾਂ ਦੇ ਅਰਥ ਵਿਸ਼ੇਸ਼ ਸਥਿਤੀਆਂ ਵਿਚ ਬਦਲ ਕੇ ਵੱਖਰੇ ਅਰਥਾਂ ਦੇ ਵੀ ਧਾਰਨੀ ਬਣ ਜਾਂਦੇ ਹਨ।

**ਸਭਿਆਚਾਰਕ ਪੱਖ:** ਸਭਿਆਚਾਰ ਆਪਣੇ-ਆਪ ਵਿਚ ਇਕ ਵਿਸਤ੍ਰਿਤ ਇਕਾਈ ਹੈ। ਕਿਸੇ ਵੀ ਦੇਸ਼, ਰਾਜ ਜਾਂ ਕਾਲ ਦੇ ਸਭਿਆਚਾਰ ਨੂੰ ਜਾਨਣ ਲਈ ਆਪਣੇ ਸਭਿਆਚਾਰ ਤੋਂ ਭਿੰਨ ਕਿਸੇ ਦੂਸਰੇ ਸਭਿਆਚਾਰਕ ਸਮੂਹ ਵਿਚ ਜਾ ਕੇ ਵਧੇਰੇ ਸੌਖੇ ਢੰਗ ਨਾਲ ਸਮਝਿਆ ਜਾ ਸਕਦਾ ਹੈ। "ਸਭਿਆਚਾਰ ਆਪਣੇ ਆਪ ਵਿਚ ਇਕ ਅਤਿ ਵਿਸ਼ਾਲ ਸੰਕਲਪ ਹੈ, ਜਿਸ ਵਿਚ ਕਿਸੇ ਜਨ-ਸਮੂਹ ਜਾਂ ਮਨੁੱਖੀ ਸਮਾਜ ਦੇ ਜੀਵਨ ਦੇ ਹਰ ਖੇਤਰ ਵਿਚਲੀਆਂ ਉਹ ਕਿਰਿਆਵਾਂ ਅਤੇ ਉਹਨਾਂ ਨੂੰ ਕਰਨ ਦੇ ਢੰਗ ਆ ਜਾਂਦੇ ਹਨ, ਜੋ ਉਸ ਮਨੁੱਖੀ ਸਮਾਜ ਨੂੰ ਦੂਜੇ ਮਨੁੱਖੀ ਸਮਾਜਾਂ ਨਾਲੋਂ ਨਿਖੇੜਦੇ ਹਨ। ਸਭਿਆਚਾਰ ਦੇ ਕਲਾਵੇ ਵਿਚ ਜੀਵਨ ਦੇ ਸਾਰੇ ਖੇਤਰ ਹੀ ਆ ਜਾਂਦੇ ਹਨ।"[8] ਉਸੇ ਸਮਾਜ ਦੇ ਸਭਿਆਚਾਰ ਨੂੰ ਲੋਕ ਸਾਹਿਤ ਦੇ ਜ਼ਰੀਏ ਸਮਝਣ ਵਿਚ ਉੱਥੋਂ ਦੀ ਲੋਕ ਕਹਾਣੀ ਵਿਸ਼ੇਸ਼ ਯੋਗਦਾਨ ਪਾਉਂਦੀ ਹੈ। ਕਿਸੇ ਵੀ ਖੇਤਰ ਦੀ

ਲੋਕ ਕਹਾਣੀ ਨੂੰ ਸਮਝਣ ਲਈ ਜ਼ਰੂਰੀ ਪਹਿਲੂਆਂ ਵਿਚ ਸਭਿਆਚਾਰ ਦੇ ਵੱਖ-ਵੱਖ ਪੱਖਾਂ ਨੂੰ ਸਮਝਣਾ ਜ਼ਰੂਰੀ ਹੈ।

ਸਭਿਆਚਾਰ ਦੇ ਪ੍ਰਬੰਧ ਵਿਚ ਲੋਕ ਰੂੜ੍ਹੀਆਂ ਦੇ ਆਪਣੇ ਵਿਸ਼ੇਸ਼ ਅਰਥ ਹੁੰਦੇ ਹਨ। ਲੋਕ ਕਹਾਣੀਆਂ ਵਿਚ ਅਸੀਂ ਬਹੁਤ ਸਾਰੀਆਂ ਲੋਕ ਰੂੜ੍ਹੀਆਂ ਨੂੰ ਵਾਰ-ਵਾਰ ਵਰਤਿਆ ਹੋਇਆ ਦੇਖਦੇ ਹਾਂ। ਇਨ੍ਹਾਂ ਲੋਕ ਰੂੜ੍ਹੀਆਂ ਵਿਚ ਅੰਕਾਂ ਨਾਲ ਸਬੰਧਿਤ ਲੋਕ ਰੂੜੀਆਂ, ਜਿਨ੍ਹਾਂ ਵਿਚ ਜ਼ਿਆਦਾਤਰ ਟਾਂਕ ਅੰਕ ਸ਼ਾਮਿਲ ਹਨ ਦੇਖਣ ਨੂੰ ਮਿਲਦੀਆਂ ਹਨ। ਇਨ੍ਹਾਂ ਵਿਚ ਤਿੰਨ, ਪੰਜ, ਸੱਤ ਅੰਕਾਂ ਦੀ ਰੂੜ੍ਹੀ ਦਾ ਪ੍ਰਚੱਲਣ ਵਧੇਰੇ ਹੈ। ਜਿਸਤ ਅੰਕਾਂ ਦੀ ਰੂੜ੍ਹੀ ਵਿਚ ਅਸੀਂ ਬਾਰਾਂ ਸਾਲ ਜਾਂ ਚੌਦਾਂ ਸਾਲ ਦੀ ਰੂੜ੍ਹੀ ਦਾ ਵਧੇਰੇ ਪ੍ਰਚੱਲਣ ਦੇਖਦੇ ਹਾਂ। ਲੋਕ ਸਾਹਿਤ ਦੇ ਵੱਖ-ਵੱਖ ਰੂਪਾਂ ਵਿਚ ਇਨ੍ਹਾਂ ਲੋਕ ਰੂੜ੍ਹੀਆਂ ਦੀ ਵਰਤੋਂ ਆਮ ਹੀ ਕੀਤੀ ਹੋਈ ਦੇਖਣ ਨੂੰ ਮਿਲ ਜਾਂਦੀ ਹੈ। ਲੋਕ ਕਹਾਣੀਆਂ ਵਿਚ ਇਨ੍ਹਾਂ ਲੋਕ ਰੂੜ੍ਹੀਆਂ ਦੀ ਵਰਤੋਂ ਨਾਲ ਲੋਕ ਕਹਾਣੀ ਦਾ ਪ੍ਰਭਾਵ ਵਧੇਰੇ ਇਕਾਗਰ ਰੂਪ ਵਿਚ ਦੇਖਣ ਨੂੰ ਮਿਲਦਾ ਹੈ। ਮਨੁੱਖ ਦੀ ਹੋਂਦ ਅਤੇ ਉਸਦੇ ਵਿਕਾਸ ਨਾਲ ਭਿੰਨ-ਭਿੰਨ ਪ੍ਰਕਾਰ ਦੀਆਂ ਲੋਕ ਰੂੜ੍ਹੀਆਂ ਸਹਿਜ ਸੁਭਾ ਉਪਜਦੀਆਂ ਰਹੀਆਂ ਹਨ। ਇਨ੍ਹਾਂ ਲੋਕ ਰੂੜ੍ਹੀਆਂ ਵਿਚ 'ਬਾਰਾਂ ਅੰਕ ਦੀ ਲੋਕ ਰੂੜ੍ਹੀ', ਭੋਜਨ ਬਣਾ ਕੇ ਉੱਪਰ ਕੱਪੜਾ ਪਾ ਕੇ ਜਾਦੂ ਮੰਤਰ ਜਾਂ ਕਿਸੇ ਦੇਵੀ-ਦੇਵਤੇ ਦਾ ਨਾਮ ਧਿਆ ਕੇ ਭੋਜਨ ਦਾ ਖਤਮ ਨਾ ਹੋਣਾ, ਪੰਜ ਪੀਰਾਂ ਨੂੰ ਧਿਆਉਣ ਦੀ ਲੋਕ ਰੂੜ੍ਹੀ, ਔਲਾਦ ਲਈ ਕਿਸੇ ਸਾਧੂ-ਸੰਤ ਕੋਲੋਂ ਫ਼ਲ ਦੀ ਪ੍ਰਾਪਤੀ ਆਦਿ ਸ਼ਾਮਿਲ ਹਨ। ਇਹ ਲੋਕ ਰੂੜ੍ਹੀਆਂ ਆਪਣੇ-ਆਪ ਵਿਚ ਸਮੁੱਚੇ ਅਰਥ ਸੰਜੋ ਕੇ ਰੱਖਦੀਆਂ ਹਨ। ਦੂਸਰਾ ਇਨ੍ਹਾਂ ਦੇ ਜ਼ਰੀਏ ਮਨੁੱਖੀ ਮਨ ਦੀ ਭਾਵਨਾ ਦਾ ਵੀ ਪ੍ਰਗਟਾਵਾ ਹੁੰਦਾ ਹੈ। "ਪੰਜਾਬੀ ਲੋਕ ਕਹਾਣੀਆਂ ਵਿਚ 'ਪੰਜ ਪੀਰ' ਦੀ ਲੋਕ ਰੂੜ੍ਹੀ ਆਮ ਮਿਲ ਜਾਂਦੀ ਹੈ। ਪੀਰਾਂ ਫ਼ਕੀਰਾਂ ਦਾ ਪੰਜਾਬੀ ਲੋਕ ਜੀਵਨ ਨਾਲ ਬੜਾ ਗੂੜ੍ਹਾ ਰਿਸ਼ਤਾ ਹੈ। ਪੰਜਾਬੀ ਸਭਿਆਚਾਰ ਵਿਚ ਇਸਲਾਮੀ ਸਭਿਆਚਾਰ ਦੇ ਪ੍ਰਵੇਸ਼ ਤੋਂ ਪਹਿਲਾਂ ਪੀਰਾਂ ਨੂੰ ਪੂਜਣ ਦੀ ਕੋਈ ਪਰੰਪਰਾ ਨਹੀਂ ਸੀ।"[9] ਇਸਦਾ ਭਾਵ ਹੈ ਕਿ 'ਪੰਜ ਪੀਰਾਂ' ਦੀ ਲੋਕ ਰੂੜ੍ਹੀ ਮੁਸਲਮਾਨਾਂ ਦੇ ਆਗਮਨ ਤੋਂ ਬਾਅਦ ਪ੍ਰਚੱਲਿਤ ਹੋਈ। ਪੰਜਾਬੀ ਲੋਕ ਕਹਾਣੀਆਂ ਦੇ ਕਥਾ ਰੂਪ ਬੁਝਾਵਲ ਕਥਾਵਾਂ ਵਿਚ ਜਿਸ ਵੇਲੇ ਨਾਇਕ ਜਾਂ ਨਾਇਕਾ ਕਿਸੇ ਮੁਸੀਬਤ ਵਿਚ ਹੁੰਦੇ ਹਨ। ਉਸ ਵੇਲੇ ਸਾਧੂ, ਮਹਾਤਮਾ ਉਸਦੀ ਮੱਦਦ ਲਈ ਪਹੁੰਚਦਾ ਹੈ। "ਉਧਰ ਰਾਜਕੁਮਾਰ ਤੇ ਰਾਜਕੁਮਾਰੀ ਨੂੰ ਦੋ ਪੇਟੀਆਂ ਵਿਚ ਬੰਦ ਕਰ ਬਾਹਰ ਸੁੱਟ ਦਿੱਤਾ। ਉੱਥੋਂ ਦੀ ਕੋਈ ਮਹਾਤਮਾ ਲੰਘੇ ਉਨ੍ਹਾਂ ਨੇ ਬੱਚਿਆਂ ਦੇ ਰੋਣ ਦੀ ਆਵਾਜ਼ ਸੁਣੀ ਤਾਂ ਉਹ ਦੋਹਾਂ ਬੱਚਿਆਂ ਨੂੰ

ਪੇਟੀ ਵਿੱਚੋਂ ਕੱਢ ਕੇ ਆਪਣੀ ਕੁਟੀਆ ਵਿੱਚ ਲੈ ਗਏ। ਉਨ੍ਹਾਂ ਬੱਚਿਆਂ ਦਾ ਪਾਲਣ-ਪੋਸ਼ਣ ਬੜੇ ਸੋਹਣੇ ਢੰਗ ਨਾਲ ਕੀਤਾ।"[10] ਇਸ ਲੋਕ ਰੂੜ੍ਹੀ ਦਾ ਸਬੰਧ ਪੰਜਾਬ ਵਿਚ ਲੋਕਾਂ ਦੇ ਸਾਧੂ-ਸੰਤਾਂ ਪ੍ਰਤੀ ਵਿਸ਼ਵਾਸ਼ ਨੂੰ ਪ੍ਰਗਟਾਉਂਦਾ ਹੈ। ਦੂਸਰਾ ਪੰਜ ਪੀਰਾਂ ਦੀ ਆਮਦ ਤੋਂ ਪਹਿਲਾਂ ਇਸ ਕਾਰਜ ਦੀ ਪੂਰਤੀ ਲਈ ਸਾਧੂ-ਸੰਤਾਂ ਦੀ ਮਾਨਤਾ ਦਾ ਹੀ ਪ੍ਰਗਟਾਵਾ ਹੈ। ਇਸੇ ਤਰ੍ਹਾਂ ਦੇਵੀ-ਦੇਵਤਿਆਂ ਦੇ ਪ੍ਰਤੀ ਆਸਥਾ ਨਾਲ ਵੀ ਬਹੁਤ ਸਾਰੀਆਂ ਲੋਕ ਰੂੜ੍ਹੀਆਂ ਜੁੜੀਆਂ ਹੋਈਆਂ ਹਨ। ਇਨ੍ਹਾਂ ਵਿਚੋਂ ਸ਼ਿਵ ਦਾ ਪਾਰਵਤੀ ਦੇ ਆਖੇ ਲੱਗ ਮਜ਼ਲੂਮ ਜਾਂ ਕਿਸੇ ਨਾਇਕ-ਨਾਇਕਾ ਨੂੰ ਜ਼ਿੰਦਾ ਕਰਨਾ ਵੀ ਸ਼ਾਮਿਲ ਹੈ। ਉਪਰੋਕਤ ਲੋਕ ਕਹਾਣੀਆਂ ਜਾਂ ਲੋਕ ਸਾਹਿਤ ਵਿਚ ਪ੍ਰਚੱਲਿਤ ਲੋਕ ਰੂੜ੍ਹੀਆਂ ਦਾ ਪ੍ਰਚੱਲਣ ਸਮੇਂ ਅਤੇ ਪ੍ਰਸਥਿਤੀਆਂ ਕਾਰਨ ਖ਼ੁਦ-ਬ-ਖ਼ੁਦ ਤਬਦੀਲ ਹੁੰਦਾ ਰਹਿੰਦਾ ਹੈ। ਇਸ ਸਬੰਧ ਵਿਚ ਬੁਝਾਵਲ ਲੋਕ ਕਥਾਵਾਂ ਵਿਚ ਪ੍ਰਚੱਲਿਤ ਰਾਣੀ ਦਾ ਰਾਜੇ ਤੋਂ ਕੋਈ ਗੱਲ ਮੰਨਵਾਉਣ ਲਈ ਪੱਟੀ ਲੈ ਕੇ ਜਾਂ ਕੱਪੜਾ ਲੈ ਕੇ ਪੈਣ ਦੀ ਲੋਕ ਰੂੜ੍ਹੀ ਰਾਜਿਆਂ ਦੇ ਰਾਜ ਖਤਮ ਹੋਣ ਨਾਲ ਹੀ ਖਤਮ ਹੋ ਗਈ ਹੈ। ਇਸੇ ਤਰ੍ਹਾਂ ਆਧੁਨਿਕਤਾ ਦੇ ਪ੍ਰਭਾਵ ਨਾਲ ਤਰਕ ਵਿਤਰਕ ਕਰਨ ਦੀ ਪ੍ਰਵਿਰਤੀ ਨੇ ਅਜਿਹੀਆਂ ਲੋਕ ਰੂੜ੍ਹੀਆਂ ਨੂੰ ਢਾਹ ਲਗਾਈ ਹੈ। ਭਾਵ ਸਮਾਂ ਬਦਲਣ ਨਾਲ ਬਹੁਤ ਸਾਰੀਆਂ ਲੋਕ ਰੂੜ੍ਹੀਆਂ ਆਪਣੇ-ਆਪ ਹੀ ਮੁੱਖ ਧਾਰਾ ਵਿਚੋਂ ਪਛੜ ਗਈਆਂ ਹਨ।

ਉਪਰੋਕਤ ਲੋਕ ਰੂੜ੍ਹੀਆਂ ਦਾ ਭਾਵ ਸਿਰਫ਼ ਧਾਰਮਿਕ ਪ੍ਰਸੰਗਾਂ ਨਾਲ ਹੀ ਨਹੀਂ ਸਗੋਂ ਦੂਸਰੇ ਰਾਜਨੀਤਿਕ, ਸਮਾਜਿਕ ਅਤੇ ਭੂਗੋਲਕਿ ਪੱਖਾਂ ਨਾਲ ਵੀ ਜੁੜਿਆ ਹੋਇਆ ਹੈ। ਲੋਕ ਕਹਾਣੀਆਂ ਨੂੰ ਸਮਝਣ ਲਈ ਇਨ੍ਹਾਂ ਲੋਕ ਰੂੜ੍ਹੀਆਂ ਦੇ ਅਰਥਾਂ ਨੂੰ ਸਮਝਦਿਆਂ ਹੋਇਆਂ ਹੀ ਇਨ੍ਹਾਂ ਦੇ ਸਹੀ ਅਰਥਾਂ ਤੱਕ ਪੁੱਜਿਆ ਜਾ ਸਕਦਾ ਹੈ।

**ਭਾਸ਼ਾ:** ਲੋਕ ਰੂੜ੍ਹੀਆਂ ਦੇ ਵਾਂਗ ਕਿਸੇ ਖਾਸ ਭੂਗੋਲਿਕ ਖ਼ਿੱਤੇ ਜਾਂ ਸਮਾਜ ਦੀ ਭਾਸ਼ਾ ਨੂੰ ਸਮਝਣਾ ਵੀ ਜ਼ਰੂਰੀ ਹੋ ਜਾਂਦਾ ਹੈ। ਇਸ ਭਾਸ਼ਾ ਵਿਚ ਵੀ ਸੰਕੇਤਕ ਭਾਸ਼ਾ ਦਾ ਖਾਸ ਮਹੱਤਵ ਹੈ। ਇਸ ਦਾ ਕਾਰਨ ਹੈ ਕਿ ਸ਼ਬਦਾਵਲੀ ਜਾਂ ਭਾਸ਼ਾ ਦਾ ਸਿਰਫ ਇਕਹਿਰਾ ਪੱਖ ਨਹੀਂ ਹੁੰਦਾ ਹੈ। ਇਸਦੇ ਬਹੁਭਾਸ਼ਾਈ ਅਰਥ ਹੁੰਦੇ ਹਨ। ਸ਼ਬਦ ਬਾਰੇ ਭਾਰਤੀ ਚਿੰਤਕਾਂ ਨੇ ਵੱਖ-ਵੱਖ ਮਤ ਪੇਸ਼ ਕੀਤੇ ਹਨ। ਆਨੰਦਵਰਧਨ ਨੇ ਸ਼ਬਦ ਨੂੰ ਤਿੰਨ ਹਿੱਸਿਆਂ ਅਭਿਧਾ, ਲਕਸ਼ਣਾ ਅਤੇ ਵਿਅੰਜਨਾ ਵਿਚ ਵੰਡਿਆ ਹੈ। "ਆਨੰਦਵਰਧਨ ਅਨੁਸਾਰ ਜਦੋਂ ਕੋਸ਼ੀ (ਅਭਿਧਾ) ਤੇ ਪਰਿਵਰਤਿਤ (ਲਕਸ਼ਣਾ) ਅਰਥ ਸੰਚਾਰ ਕਰਨ ਵਿਚ ਕਾਮਯਾਬ ਨਹੀਂ ਹੁੰਦੇ, ਉਸ ਵੇਲੇ ਸੁਝਾਊ ਅਰਥ (ਵਿਅੰਜਨਾ) ਕਿਰਿਆਸ਼ੀਲ ਹੋ ਜਾਂਦੇ ਹਨ"[11] ਭਾਵ ਸ਼ਬਦਾਂ ਦਾ ਹਰ ਸਮੇਂ

ਇੱਕੋ ਜਿਹਾ ਅਰਥ ਨਹੀਂ ਰਹਿੰਦਾ ਇਹ ਸਮਾਂ, ਸਥਾਨ ਅਤੇ ਪ੍ਰਸਥਿਤੀਆਂ ਅਨੁਸਾਰ ਅਰਥ ਬਦਲ ਲੈਂਦੇ ਹਨ। ਅਜਿਹੀ ਸਥਿਤੀ ਵਿਚ ਸ਼ਬਦਾਂ ਦੇ ਸਿਰਫ਼ ਕੋਸ਼ੀਂ ਅਰਥਾਂ ਜ਼ਰੀਏ ਹੀ ਲੋਕ ਕਹਾਣੀ ਨੂੰ ਧੁਰ ਤੱਕ ਨਹੀਂ ਸਮਝ ਸਕਦੇ। ਇਸਦੇ ਲਈ ਤਾਂ ਸਾਨੂੰ ਸਬੰਧਿਤ ਖਿੱਤੇ ਜਾਂ ਸਮਾਜ ਦੇ ਲੋਕਾਂ ਦੀ ਭਾਸ਼ਾ, ਉਨ੍ਹਾਂ ਨਾਲ ਕੁੱਝ ਸਮਾਂ ਵਿਚਰ ਕੇ ਉਨ੍ਹਾਂ ਨੂੰ ਸਮਝਣਾ ਵਧੇਰੇ ਜ਼ਰੂਰੀ ਹੋ ਜਾਂਦਾ ਹੈ। ਇਸ ਬਾਰੇ ਸਮਝਣ ਲਈ ਅਸੀਂ 'ਕਾਂ ਅਤੇ ਚਿੜੀ' ਦੀ ਕਹਾਣੀ ਨੂੰ ਦੇਖ ਸਕਦੇ ਹਾਂ। "ਚਿੜੀ ਭਾਰਤੀ ਸਭਿਆਚਾਰ ਵਿੱਚ ਮਿਹਨਤ ਅਤੇ ਹਿੰਮਤ ਦਾ ਚਿੰਨ੍ਹ ਹੈ ਅਤੇ ਮੁਖ ਤੌਰ ਤੇ ਖੇਤੀ ਦੇ ਧੰਦੇ ਨਾਲ ਜੁੜਿਆ ਹੋਇਆ ਹੈ। ਚਿੜੀ ਦਾ ਚਿੰਨ੍ਹ ਔਰਤ ਅਤੇ ਸਮਾਜ ਦੇ ਕਮਜ਼ੋਰ ਵਰਗ ਨੂੰ ਚਿੰਨ੍ਹਿਤ ਕਰਦਾ ਹੈ। ਇਹ ਚਿੰਨ੍ਹ ਪਾਣੀ ਦੀ ਸ਼ਕਤੀ ਨਾਲ ਸਬੰਧਿਤ ਹੈ। ਇਸ ਲਈ ਨੀਵੀਆਂ ਕਦਰਾਂ ਨੂੰ ਵੀ ਪ੍ਰਤੀਬਿੰਬਤ ਕਰਦਾ ਹੈ।"[12] ਚਿੜੀ ਦੇ ਵਿਰੋਧ ਵਿਚ ਕਾਂ ਦਾ ਚਿੰਨ੍ਹ ਵੱਖਰੇ ਅਰਥ ਭੇਦ ਰੱਖਦਾ ਹੈ। "ਕਾਂ ਲੁੱਟ, ਐਸ਼ਵਰਜ ਅਤੇ ਨਖੱਟੂਪੁਣੇ ਦਾ ਚਿੰਨ੍ਹ ਹੈ।"[13] ਚਿੰਨ੍ਹਾਤਮਕ ਭਾਸ਼ਾ ਦਾ ਇਹ ਪੈਂਤੜਾ ਏਨਾਂ ਸਿੱਧਾ ਵੀ ਨਹੀਂ ਕਿ ਜੋ ਅਰਥ ਇਕ ਵਾਰ ਇਨ੍ਹਾਂ ਨਾਲ ਜੁੜ ਗਏ ਸੋ ਜੁੜ ਗਏ। ਸਗੋਂ ਵੱਖ-ਵੱਖ ਭੂਗੋਲਿਕ ਸਥਿਤੀਆਂ ਵਿਚ ਇਨ੍ਹਾਂ ਦੇ ਅਰਥ ਹੋਰ ਬਦਲ ਜਾਂਦੇ ਹਨ। ਕਾਂ ਦਾ ਚਿੰਨ੍ਹ ਜੋ ਉਪਰ ਵਿਅਕਤ ਕੀਤਾ ਹੈ। ਇਸ ਪੰਛੀ ਬਾਰੇ ਇਕ ਹੋਰ ਅਰਥ ਵੀ ਲਿਆ ਜਾਂਦਾ ਹੈ। ਕਾਂ ਦਾ ਬਨੇਰੇ ਤੇ ਬੋਲਣਾ ਸ਼ੁੱਭ ਮੰਨਿਆ ਜਾਂਦਾ ਹੈ ਜਾਂ ਕਿਸੇ ਪ੍ਰਾਹੁਣੇ ਦੇ ਆਉਣ ਦਾ ਵੀ ਸੰਕੇਤ ਹੈ। ਇਸੇ ਤਰ੍ਹਾਂ ਇਸਦਾ ਜ਼ਿਕਰ "ਬ੍ਰਾਹਮਣ ਗ੍ਰੰਥਾਂ ਵਿਚ ਸੱਚੇ ਮਿੱਤਰ ਵਜੋਂ ਵੀ ਆਇਆ ਹੈ।"[14] ਉਪਰੋਕਤ ਉਦਾਹਰਣਾਂ ਤੋਂ ਇੱਥੇ ਇਹੋ ਭਾਵ ਹੈ ਕਿ ਕਿਸੇ ਖੇਤਰ ਵਿਸ਼ੇਸ਼ ਦੇ ਲੋਕਾਂ ਦੇ ਹਾਲਾਤ ਜਾਂ ਉਨ੍ਹਾਂ ਦੇ ਸਾਹਿਤ ਨੂੰ ਸਮਝਣ ਲਈ ਉਨ੍ਹਾਂ ਲੋਕਾਂ ਦੇ ਸਭਿਆਚਾਰਕ ਜੀਵਨ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਲੋਕ ਕਹਾਣੀਆਂ ਦੀ ਵੰਨਗੀ ਮਿਥਿਕ ਕਥਾਵਾਂ ਬਾਰੇ ਤਾਂ ਡਾ. ਭੁਪਿੰਦਰ ਸਿੰਘ ਖਹਿਰਾ ਆਖਦੇ ਹਨ "ਪੰਜਾਬੀ ਮਿਥਿਕ-ਕਥਾਵਾਂ ਦਾ ਸੰਚਾਰ ਅਤੇ ਸੁਨੇਹਾ ਪੰਜਾਬੀ ਸਭਿਆਚਾਰ ਦੀ ਮੁੱਢਲੀ ਜੁਗਤ ਅਤੇ ਬੁਣਤ ਦੀ ਵਿਆਖਿਆ ਕਰਦਾ ਹੈ। ਇਹ ਕਥਾਵਾਂ ਪੰਜਾਬੀ ਸਭਿਆਚਾਰ ਦਾ ਸ਼ੀਸ਼ਾ ਹਨ।"[15]

**ਭੂਗੋਲਿਕਤਾ:** ਭੂਗੋਲਿਕ ਇਕਾਈ ਕਿਸੇ ਵੀ ਸਮਾਜਿਕ ਖੇਤਰ ਲਈ ਅਹਿਮ ਭੂਮਿਕਾ ਨਿਭਾਉਂਦੀ ਹੈ। ਮਨੁੱਖ ਦੇ ਖਾਣ-ਪੀਣ, ਪਹਿਨਣ-ਪਚਰਣ ਤੋਂ ਲੈ ਕੇ ਉਸਦੀਆਂ ਜ਼ਰੂਰੀ ਮੁੱਢਲੀਆਂ ਜ਼ਰੂਰਤਾਂ ਨੂੰ ਇਹੋ ਭੂਗੋਲਿਕ ਇਕਾਈ ਪ੍ਰਭਾਵਿਤ ਵੀ ਕਰਦੀ ਹੈ ਤੇ ਆਸਰਾ ਵੀ ਦਿੰਦੀ ਹੈ। ਲੋਕ ਕਹਾਣੀਆਂ ਵਿਚ ਆਮ ਹੀ ਉਸ ਖੇਤਰ ਦੇ ਕੁਦਰਤੀ ਨਜ਼ਾਰਿਆਂ ਦਾ ਵੇਰਵਾ

ਆ ਜਾਂਦਾ ਹੈ। ਇਸ ਕਰਕੇ ਕਿਸੇ ਖੇਤਰ ਦੀ ਲੋਕ ਕਹਾਣੀ ਨੂੰ ਸਮਝਣ ਵਿਚ ਉੱਥੋਂ ਦਾ ਭੂਗੋਲਿਕ ਚੌਗਿਰਦਾ ਸਾਡੀ ਸਹਾਇਤਾ ਕਰ ਸਕਦਾ ਹੈ। ਹਿਮਾਚਲੀ ਲੋਕ ਕਹਾਣੀ ਨੂੰ ਸਮਝਣ ਲਈ ਉੱਥੋਂ ਦੇ ਭੂਗੋਲਿਕ ਦ੍ਰਿਸ਼ਾਂ, ਖਾਣਪਾਨ ਲਈ ਬੀਜੀਆਂ ਜਾਂਦੀਆਂ ਫ਼ਸਲਾਂ, ਫ਼ਸਲਾਂ ਨਾਲ ਸਬੰਧਿਤ ਮੇਲੇ, ਤਿੱਥ, ਤਿਉਹਾਰ ਆਦਿ ਉਨ੍ਹਾਂ ਦੀ ਲੋਕਧਾਰਾ ਨਾਲ ਸਬੰਧਿਤ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਤੋਂ ਇਲਾਵਾ ਠੰਡ ਤੋਂ ਬਚਣ ਲਈ ਮਾਸ, ਮੱਛੀ ਅਤੇ ਨਸ਼ੇ ਦਾ ਪ੍ਰਯੋਗ ਸ਼ਾਕਾਹਾਰੀ ਭੋਜਨ ਵਿਚ ਦੁੱਧ, ਦਹੀਂ ਘਿਓ ਦੀ ਮਾਤਰਾ ਦਾ ਵਧੇਰੇ ਹੋਣਾ, ਉਨ੍ਹਾਂ ਦੀ ਜ਼ਿੰਦਗੀ ਵਿਚ ਸ਼ਾਮਿਲ ਹੈ। ਨਦੀ ਨਾਲਿਆਂ ਵਿਚ ਆਉਂਦੇ ਹੜਾਂ ਤੋਂ ਬਚਣ ਲਈ ਦੇਵੀ-ਦੇਵਤਿਆਂ ਦੀ ਕਲਪਨਾ ਕਰਨਾ ਆਮ ਹੈ। ਸ਼ਿਵ ਜੀ ਇਨ੍ਹਾਂ ਦਾ ਸਭ ਤੋਂ ਵੱਡਾ ਦੇਵਤਾ ਹੈ ਜੋ ਕੈਲਾਸ਼ ਪਰਬਤ ਤੇ ਬਿਰਾਜ਼ਮਾਨ ਹੈ। ਹਿਮਾਚਲ ਵਿਚ ਉਸਦੇ ਵੱਖ-ਵੱਖ ਰੂਪ ਦੇਖਣ ਨੂੰ ਮਿਲ ਜਾਂਦੇ ਹਨ। ਹਿਮਾਚਲ ਦੀਆਂ ਬਹੁਤ ਸਾਰੀਆਂ ਲੋਕ ਕਥਾਵਾਂ ਵਿਚ ਇਨ੍ਹਾਂ ਦਾ ਪ੍ਰਚੱਲਣ ਦੇਖਣ ਨੂੰ ਮਿਲ ਜਾਂਦਾ ਹੈ। ਇਸ ਦੀ ਇਕ ਉਦਾਹਰਨ ਲੋਕ ਕਹਾਣੀ "ਸ਼ਿਵ-ਵਿਵਾਹ"[16] ਵਿਚ ਦੇਖੀ ਜਾ ਸਕਦੀ ਹੈ। ਇਸੇ ਤਰ੍ਹਾਂ ਪੰਜਾਬੀ ਲੋਕ ਕਹਾਣੀਆਂ ਵਿਚ ਭੂਗੋਲਿਕ ਚੌਗਿਰਦੇ ਨੂੰ ਸਮਝ ਕੇ ਹੀ ਲੋਕ ਕਹਾਣੀਆਂ ਨੂੰ ਸਮਝਣ ਵਿਚ ਸਹਾਇਤਾ ਮਿਲਦੀ ਹੈ। ਇਹ ਗੱਲ ਵੱਖਰੀ ਹੈ ਕਿ ਬਦਲਦੇ ਸਮੇਂ ਨਾਲ ਲੋਕ ਕਹਾਣੀਆਂ ਵਿਚ ਭੂਗੋਲਿਕ ਚੌਗਿਰਦੇ ਦਾ ਅਰਥ ਵੀ ਬਦਲਿਆ ਹੈ ਅਤੇ ਭੂਗੋਲਿਕ ਵਾਤਾਵਰਣ ਵੀ। ਪੰਜਾਬੀ ਲੋਕ ਕਹਾਣੀਆਂ ਵਿਚ ਲਗਭਗ ਹਰ ਦੂਸਰੀ-ਤੀਸਰੀ ਲੋਕ ਕਹਾਣੀ ਵਿਚ ਜੰਗਲ ਦਾ ਵਰਨਣ ਦੇਖਣ ਨੂੰ ਮਿਲ ਜਾਂਦਾ ਹੈ। ਇਸੇ ਤਰ੍ਹਾਂ ਭਿੰਨ-ਭਿੰਨ ਪ੍ਰਕਾਰ ਦੀ ਬਨਸਪਤੀ ਦੇ ਵੀ ਇਨ੍ਹਾਂ ਲੋਕ ਕਹਾਣੀਆਂ ਵਿਚ ਦਰਸ਼ਨ ਹੋ ਜਾਂਦੇ ਸਨ। ਪਿੱਪਲ ਦੇ ਰੁੱਖਾਂ ਨੂੰ ਸਾਰੇ ਰੁੱਖਾਂ ਤੋਂ ਅਹਿਮ ਸਥਾਨ ਪ੍ਰਾਪਤ ਹੈ। ਇਸ ਰੁੱਖ ਦੀ ਪੂਜਾ ਦੇਵਤਾ ਰੂਪ ਵਿਚ ਕੀਤੀ ਜਾਂਦੀ ਹੈ। ਇਸਤੋਂ ਇਲਾਵਾ ਬਾਂਝ ਇਸਤਰੀਆਂ ਪਿੱਪਲ ਦੇ ਰੁੱਖ ਵਿਚ ਕੱਚੀ ਲੱਸੀ ਪਾਉਂਦੀਆਂ ਹਨ। ਭਾਵ ਪਿੱਪਲ ਦੇ ਰੁੱਖ ਨੂੰ ਦੇਵਤੇ ਦੇ ਰੂਪ ਵਿਚ ਪੂਜਿਆ ਜਾਂਦਾ ਹੈ। "ਇਸ ਰੁੱਖ ਨੂੰ ਹਿੰਦੂ ਧਰਮ ਵਿਚ ਕੋਈ ਬ੍ਰਹਮਾ, ਕੋਈ ਵਿਸ਼ਨੂੰ ਤੇ ਕੋਈ ਮਹੇਸ਼ ਦੇ ਰੂਪ ਵਿਚ ਪੂਜਦੇ ਹਨ। ਲੋਕ ਵਿਸ਼ਵਾਸ਼ ਹੈ ਕਿ 'ਪਿੱਪਲ' ਦੀ ਪੂਜਾ ਕਰਨ ਨਾਲ ਹੀ ਇਨ੍ਹਾਂ ਦੇਵਤਿਆਂ ਦੀ ਪੂਜਾ ਹੋ ਜਾਂਦੀ ਹੈ।"[17] ਪਿੱਪਲ ਦੇ ਰੁੱਖ ਤੋਂ ਇਲਾਵਾ ਪੰਜਾਬੀ ਲੋਕ ਕਹਾਣੀਆਂ ਵਿਚ ਤੁਲਸੀ, ਬੋੜ੍ਹ, ਬੇਰੀ, ਮੱਲ੍ਹੇ, ਝਾੜੀਆਂ, ਨਿੰਮ, ਕਾਈ ਆਦਿ ਪ੍ਰਕਾਰ ਦਾ ਰੁੱਖਾਂ ਦਾ ਵਿਸ਼ੇਸ਼ ਮਹੱਤਵ ਹੈ। ਇਸ ਤੋਂ ਇਲਾਵਾ ਨਦੀ, ਨਾਲੇ ਅਤੇ ਦਰਿਆਵਾਂ ਦਾ ਜ਼ਿਕਰ ਵੀ ਇਨ੍ਹਾਂ ਲੋਕ ਕਹਾਣੀਆਂ ਵਿਚ ਅਕਸਰ ਦੇਖਣ

ਨੂੰ ਮਿਲਦਾ ਹੈ। ਪਰੰਤੂ ਅਜੋਕੇ ਸਮੇਂ ਵਿਚ ਉਪਰੋਕਤ ਵਿਚੋਂ ਵਿਰਲੇ ਰੁੱਖ ਹੀ ਸਾਡੇ ਆਲੇ-ਦੁਆਲੇ ਦਿਖਾਈ ਦਿੰਦੇ ਹਨ। ਜੇਕਰ ਅੱਜ ਦੇ ਸਮੇਂ ਵਿਚ ਇਹ ਲੋਕ ਕਹਾਣੀਆਂ ਬੱਚਿਆਂ ਨੂੰ ਸੁਣਾਈਆਂ ਜਾਣ ਤਾਂ ਉਨ੍ਹਾਂ ਉਪਰੋਕਤ ਸਾਰੇ ਸ਼ਬਦਾਂ ਬਾਰੇ ਪਹਿਲਾਂ ਜਾਣਕਾਰੀ ਦੇਣੀ ਪਵੇਗੀ ਤਦ ਹੀ ਉਹ ਇਨ੍ਹਾਂ ਕਹਾਣੀਆਂ ਦੇ ਕੁੱਝ ਅਰਥਾਂ ਤੱਕ ਅਪੜ ਸਕਣਗੇ।

ਪੰਜਾਬ ਮੁੱਢ ਤੋਂ ਹੀ ਖੇਤੀ ਪ੍ਰਧਾਨ ਸੂਬਾ ਰਿਹਾ ਹੈ। ਇੱਥੋਂ ਦੀ ਖੇਤੀਬਾੜੀ ਵਿਚ ਨਦੀ, ਨਾਲਿਆਂ, ਬਰਸਾਤਾਂ ਅਤੇ ਖੂਹਾਂ ਦਾ ਵਿਸ਼ੇਸ਼ ਯੋਗਦਾਨ ਹੈ। ਇਸਦੇ ਵਿਰੋਧ ਵਿਚ ਜੇਕਰ ਅਸੀਂ ਪੰਜਾਬੀ ਲੋਕ ਕਹਾਣੀ ਨੂੰ ਹਿਮਾਚਲੀ ਲੋਕ ਕਹਾਣੀ ਦੇ ਵਿਰੋਧ ਵਿਚ ਰੱਖ ਕੇ ਦੇਖੀਏ ਤਾਂ ਹਿਮਾਚਲ ਪ੍ਰਦੇਸ਼ ਵਿਚ ਖੇਤੀ ਦਾ ਪ੍ਰਚੱਲਣ ਬਹੁਤ ਨਿਗੂਣਾ ਹੈ। ਇੱਥੋਂ ਦੀਆਂ ਭੂਗੋਲਿਕ ਸਮੱਸਿਆਵਾਂ ਕਾਰਨ ਖੇਤੀ ਕਰਨਾ ਆਸਾਨ ਨਹੀਂ। ਹਿਮਾਚਲ ਦਾ ਜ਼ਿਆਦਾਤਰ ਹਿੱਸਾ ਪਹਾੜੀ ਅਤੇ ਜੰਗਲੀ ਹੈ। ਹਿਮਾਚਲ ਦੇ ਉੱਤਰੀ ਭਾਗਾਂ ਜਨਜਾਤੀ ਜ਼ਿਲ੍ਹਾ ਲਾਹੌਲ-ਸਪਿਤੀ ਵਿਚ ਤਾਂ ਗਰਮੀਆਂ ਦੇ ਦਿਨਾਂ ਵਿਚ ਹੀ ਆਵਾਜਾਈ ਦਾ ਸਹੀ ਪ੍ਰਬੰਧ ਦੇਖਣ ਨੂੰ ਮਿਲਦਾ ਹੈ। ਬਾਕੀ ਸਾਰਾ ਸਾਲ ਇੱਥੇ ਬਰਫ਼ ਨਾਲ ਹੀ ਪਹਾੜੀਆਂ ਢਕੀਆਂ ਰਹਿੰਦੀਆਂ ਹਨ। ਅਜਿਹੇ ਜਲਵਾਯੂ ਵਿਚ ਖੇਤੀ ਦੀ ਕਲਪਨਾ ਕਰਨਾ ਵੀ ਮਜ਼ਾਕ ਲੱਗਦਾ ਹੈ। ਇੱਸ ਖੇਤਰ ਵਿਚ ਸਿਰਫ਼ ਗਰਮੀਆਂ ਦੇ ਕੁੱਝ ਮਹੀਨਿਆਂ ਵਿਚ ਹੀ ਸਬਜੀਆਂ ਜਾਂ ਦਾਲਾਂ ਦੀ ਖੇਤੀ ਹੋ ਪਾਉਂਦੀ ਹੈ। ਹਿਮਾਚਲ ਦੇ ਇਸ ਉਪਰੀ ਇਲਾਕੇ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਠੰਡਾ ਮਾਰੂਥਲ ਹੀ ਹੈ। ਜਨਜਾਤੀ ਜ਼ਿਲ੍ਹਾ ਹੋਣ ਕਾਰਨ ਅੱਜ ਵੀ ਇੱਥੋਂ ਦੀ ਆਬਾਦੀ ਗੁਫ਼ਾਨੁਮਾ ਘਰਾਂ ਵਿਚ ਜੀਵਨ ਬਤੀਤ ਕਰਦੀ ਹੈ। ਇੱਥੋਂ ਦੇ ਭੂਗੋਲਿਕ ਹਾਲਾਤਾਂ ਕਾਰਨ ਇੱਥੋਂ ਦੀ ਆਬਾਦੀ ਦੀ ਘਣਤਾ ਵੀ ਬਹੁਤ ਥੋੜੀ ਹੈ। ਖੇਤੀਬਾੜੀ ਯੋਗ ਰਕਬੇ ਦੀ ਪ੍ਰਤੀਸ਼ਤਤਾ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਇਹ ਸਿਰਫ਼ "ਹਿਮਾਚਲ ਦੀ ਇੱਕੀ ਪ੍ਰਤੀਸ਼ਤ ਭੂਮੀ ਹੀ ਖੇਤੀ ਯੋਗ ਹੈ।"[18] ਦੂਸਰੇ ਪਾਸੇ ਪੰਜਾਬ ਦੇ ਭੂਗੋਲਿਕ ਚੌਗਿਰਦੇ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਖੇਤੀ ਹੇਠ ਰਕਬੇ ਦਾ ਪ੍ਰਤੀਸ਼ਤ ਹਿਮਾਚਲ ਨਾਲੋਂ ਕਿਤੇ ਵਧੇਰੇ ਹੈ। ਹਿਮਾਚਲ ਵਿਚ ਖੇਤੀਬਾੜੀ ਲਈ ਪਾਣੀ ਦੇ ਪ੍ਰਬੰਧ ਦਾ ਮਸਲਾ ਬਹੁਤ ਵੱਡਾ ਹੈ। ਪਹਾੜੀ ਖੇਤਰ ਹੋਣ ਕਾਰਨ ਪਾਣੀ ਨੂੰ ਨਹਿਰਾਂ ਦੇ ਰੂਪ ਢਾਲਣਾ ਜਾਂ ਧਰਤੀ ਹੇਠੋਂ ਪਾਣੀ ਕੱਢਣਾ ਬਿਲਕੁੱਲ ਵੀ ਸੰਭਵ ਨਹੀਂ। ਇੱਥੋਂ ਦੀ ਖੇਤੀ ਕੁਦਰਤੀ ਸਾਧਨਾਂ ਜਿਵੇਂ ਬਰਸਾਤਾਂ ਜਾਂ ਲਾਗਲੇ ਨਦੀ ਨਾਲਿਆਂ ਦੇ ਪਾਣੀ 'ਤੇ ਵਧੇਰੇ ਨਿਰਭਰ ਹੈ। ਇਸ ਕਾਰਨ ਇੱਥੋਂ ਦੀ ਖੇਤੀ ਇਨ੍ਹਾਂ ਕੁਦਰਤੀ ਪਾਣੀ ਦੇ ਸ੍ਰੋਤਾਂ ਖਾਸ ਕਰ ਨਦੀਆਂ ਦੇ ਕਿਨਾਰਿਆਂ ਤੇ ਮੌਲਦੀ ਦਿਖਦੀ ਹੈ।

ਖੇਤੀਬਾੜੀ ਦੀ ਘਾਟ ਹੋਣ ਉਪਰੰਤ ਵੀ ਇੱਥੋਂ ਦੀ ਵਸੋਂ ਨੇ ਖੇਤੀਬਾੜੀ ਨਾਲ ਸਬੰਧਿਤ ਸਹਾਇਕ ਧੰਦਿਆ ਬਾਗਬਾਨੀ, ਸਬਜੀਆਂ ਦੀ ਕਾਸ਼ਤ, ਪਸ਼ੂ-ਪਾਲਣ ਖਾਸ ਤੌਰ ਤੇ ਭੇਡ-ਬੱਕਰੀਆਂ ਦੇ ਪਾਲਣ ਨੂੰ ਮੁੱਖ ਰੂਪ ਵਿਚ ਅਪਨਾਇਆ ਹੋਇਆ ਹੈ। ਅਸਲ ਵਿਚ ਭੂਗੋਲਿਕ ਚੌਗਿਰਦਾ ਕਿਸੇ ਵੀ ਸਮਾਜ ਜਾਂ ਖਿੱਤੇ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਭੂਗੋਲਿਕ ਖਿੱਤੇ ਅਨੁਸਾਰ ਹੀ ਲੋਕਾਂ ਦਾ ਜੀਵਨ ਢੰਗ, ਅਤੇ ਜੀਵਨ ਸ਼ੈਲੀ ਉੱਪਜਦੀ ਹੈ। ਅਜੋਕੇ ਸਮੇਂ ਵਿਚ ਪੰਜਾਬ ਦੇ ਪਹਾੜੀ ਖੇਤਰਾਂ ਨਾਲ ਲੱਗਦੇ ਇਲਾਕਿਆਂ ਨੂੰ ਛੱਡ ਕੇ ਕਿਤੇ ਵੀ ਜੰਗਲ ਦੇਖਣ ਨੂੰ ਨਹੀਂ ਮਿਲਦਾ, ਜਦੋਂ ਜੰਗਲ ਦੇਖਿਆ ਹੀ ਨਹੀਂ ਤਾਂ ਜੰਗਲ ਦੀ ਕਲਪਨਾ ਵੀ ਕਿਵੇਂ ਕੀਤੀ ਜਾ ਸਕਦੀ ਹੈ। ਇਸੇ ਕਾਰਨ ਅੱਜ ਦੇ ਸਮੇਂ ਵਿਚ ਲੋਕ ਕਹਾਣੀਆਂ ਵਿਚਲੇ ਜੰਗਲ, ਖੂਹ, ਅਣਮਨੁੱਖੀ ਪਾਤਰ ਜਾਂ ਭੂਗੋਲਿਕ ਵੇਰਵਿਆਂ ਬਾਰੇ ਸਾਨੂੰ ਅਲੱਗ ਤੋਂ ਜਾਨਣਾ ਪੈਂਦਾ ਹੈ। ਇਨ੍ਹਾਂ ਬਾਰੇ ਪੜ੍ਹਣਾ ਪੈਂਦਾ ਹੈ ਹਾਲਾਂਕਿ ਕਿ ਕਿਸੇ ਸਮੇਂ ਇਹ ਵਰਤਾਰੇ ਪੰਜਾਬ ਦੀ ਧਰਤੀ ਤੇ ਆਮ ਹੀ ਦੇਖੇ ਜਾ ਸਕਦੇ ਸਨ। ਇਹੋ ਕਾਰਨ ਹੈ ਕਿ ਲੋਕ ਕਹਾਣੀ ਸਮਝਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਇਸ ਨੂੰ ਸਮਝਣ ਲਈ ਭੂਗੋਲਿਕ ਹਾਲਾਤਾਂ ਨੂੰ ਸਮਝਣਾ ਪਵੇਗਾ।

ਇਸ ਤੋਂ ਇਲਾਵਾ ਪੰਜਾਬ ਭਾਰਤ ਦਾ ਪ੍ਰਵੇਸ਼ ਦੁਆਰ ਰਿਹਾ ਹੈ। ਬਾਹਰੋਂ ਆਉਣ ਵਾਲਾ ਹਰ ਹਮਲਾਵਰ ਇਸੇ ਰਸਤੇ ਤੋਂ ਭਾਰਤ ਵਿਚ ਪ੍ਰਵੇਸ਼ ਕਰਦਾ ਰਿਹਾ ਹੈ। ਭਾਰਤ ਦੇ ਉੱਤਰ ਵਿਚ ਮਹਾਨ ਹਿਮਾਲਿਆ ਭਾਰਤ ਦੀ ਕੁਦਰਤਨ ਹੱਦ ਹੈ। ਇਸੇ ਤਰ੍ਹਾਂ ਦੂਸਰੇ ਪਾਸਿਆਂ ਨੂੰ ਵਿਸ਼ਾਲ ਸਮੁੰਦਰ ਨੇ ਦੁਸ਼ਮਨਾਂ ਨੂੰ ਇਸਤੋਂ ਦੂਰ ਰੱਖਿਆ ਹੈ। ਅਵਿਕਸਿਤ ਸੰਚਾਰ ਸਾਧਨਾਂ ਦੇ ਸਮੇਂ ਭਾਰਤ ਲਈ ਵਪਾਰ ਅਤੇ ਦੂਸਰੇ ਦੇਸ਼ਾਂ ਨਾਲ ਸਬੰਧਾਂ ਦੇ ਰੂਪ ਵਿਚ ਪੰਜਾਬ ਦਾ ਭੂਗੋਲਿਕ ਖਿੱਤਾ ਹੀ ਵਿਸ਼ੇਸ਼ ਭੂਮਿਕਾ ਨਿਭਾਉਂਦਾ ਰਿਹਾ ਹੈ। ਅਜਿਹੀ ਸਥੀਤੀ ਵਿਚ ਪੰਜਾਬ ਦੇ ਲੋਕਾਂ ਦਾ ਸਭਿਆਚਾਰ, ਉਨ੍ਹਾਂ ਦਾ ਵਰਤੋਂ-ਵਿਹਾਰ, ਅਤੇ ਰਹਿਣ-ਸਹਿਣ ਦਾ ਤਰੀਕਾ ਹੀ ਬਦਲ ਗਿਆ ਹੈ।

ਉਪਰੋਕਤ ਉਦਾਹਰਣਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭੂਗੋਲਿਕ ਇਕਾਈ ਕਿਸੇ ਖਾਸ ਖੇਤਰ ਜਾਂ ਸਮਾਜ ਲਈ ਕੀ ਵਿਸ਼ੇਸ਼ਤਾ ਰੱਖਦੀ ਹੈ। ਇਸਨੂੰ ਸਮਝੇ ਬਗ਼ੈਰ ਉੱਥੋਂ ਦੀਆਂ ਲੋਕ ਕਹਾਣੀਆਂ (ਲੋਕ ਸਾਹਿਤ) ਨੂੰ ਸਮਝਣਾ ਮੁਸ਼ਕਿਲ ਹੈ। ਭੂਗੋਲਿਕ ਚੌਗਿਰਦੇ ਨੂੰ ਸਮਝ ਕੇ ਹੀ ਲੋਕ ਕਹਾਣੀਆਂ ਨੂੰ ਸਮਝਿਆ ਜਾ ਸਕਦਾ ਹੈ। ਲੋਕ ਕਹਾਣੀ ਨੂੰ ਸਮਝਣ ਹਿੱਤ ਉਪਰੋਕਤ ਪਹਿਲੂਆਂ ਤੋਂ ਇਲਾਵਾ ਬਿਰਤਾਂਤਕ ਜੁਗਤਾਂ ਅਤੇ ਚਿੰਨਾਤਮਕ ਸੰਕੇਤਾਂ ਨੂੰ ਸਮਝਣਾ ਵੀ ਜ਼ਰੂਰੀ ਹੈ। ਬਿਰਤਾਂਤ ਦੀ ਗੱਲ ਕਰਦਿਆਂ ਜੇਕਰ ਇਸਨੂੰ ਲੋਕ ਕਹਾਣੀ ਦਾ

ਸਰੀਰ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਬਿਰਤਾਂਤ ਜ਼ਰੀਏ ਹੀ ਕਿਸੇ ਕਥਾ-ਕਹਾਣੀ ਦਾ ਮੁੱਢ ਬੱਝਦਾ ਹੈ। ਲੋਕ ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਇਸਦੀ ਲੜੀ ਲਗਾਤਾਰ ਅੱਗੇ ਵੱਧਦੀ ਹੈ। ਵਸ਼ਿਸ਼ਟ ਕਹਾਣੀ ਵਾਂਗ ਇਸ ਵਿਚ ਸਮਾਂਨਤਰ ਕਥਾ ਰੂਪ ਨਹੀਂ, ਦੂਸਰਾ ਲੋਕ ਕਹਾਣੀ ਵਿਚ ਚੰਗਿਆਈ ਅਤੇ ਬੁਰਾਈ ਦੀ ਪਹਿਚਾਣ ਪਾਤਰਾਂ ਦੇ ਟਕਰਾ ਨਾਲ ਹੀ ਪੇਸ਼ ਹੁੰਦੀ ਹੈ। ਲੋਕ ਕਹਾਣੀ ਦੀ ਸੰਰਚਨਾ ਵਿਚ ਅਸੀਂ ਦੇਖਦੇ ਹਾਂ ਕਿ "ਕਥਾ ਦੇ ਸਿਰਜਣਾਤਮਕ ਨਿਯਮਾਂ ਵਿਚ ਘਟਨਾ, ਘਟਨਾ-ਕ੍ਰਮ, ਸਥੂਲ ਸਮਾਂ, ਠੋਸ ਸਥਾਨ, ਪਾਤਰ ਅਤੇ ਵਿਭਿੰਨ ਬਿਰਤਾਂਤ ਸਿਰਜਣ-ਜੁਗਤਾਂ ਦੇ ਅੰਤਰ-ਸੰਬੰਧਿਤ ਜੁਜ਼ ਜੀਵੰਤ ਰੂਪ ਵਿਚ ਵਿਉਂਤੇ ਜਾਂਦੇ ਹਨ।"[19] ਲੋਕ ਕਹਾਣੀ ਦੇ ਉਪਰੋਕਤ ਸੰਰਚਨਾਤਮਕ ਸੰਗਠਨ ਨੂੰ ਸਮਝਣ ਨਾਲ ਲੋਕ ਕਹਾਣੀ ਦੇ ਸਿਧਾਂਤਕ ਅਤੇ ਵਿਹਾਰਕ ਪੱਖ ਨੂੰ ਸਮਝਿਆ ਜਾ ਸਕਦਾ ਹੈ।

ਲੋਕ ਸਾਹਿਤ ਦੇ ਖੇਤਰ ਵਿਚ ਪੰਜਾਬੀ ਲੋਕ ਕਹਾਣੀਆਂ ਦੇ ਅਨੇਕਾਂ ਰੂਪ ਦੇਖਣ ਨੂੰ ਮਿਲ ਜਾਂਦੇ ਹਨ। ਇਨ੍ਹਾਂ ਸਾਰੇ ਰੂਪਾਂ ਦੀ ਆਪੋ-ਆਪਣੀ ਬਣਤਰ ਹੈ। ਇਨ੍ਹਾਂ ਵਿਭਿੰਨ ਬਣਤਰਾਂ ਵਾਲੀ ਕਹਾਣੀ ਨੰ ਸਮਝਣ ਲਈ ਜੇਕਰ ਵਿਧੀਆਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਵਿਚੋਂ ਚਿੰਨ੍ਹ-ਵਿਗਿਆਨਕ ਵਿਧੀ ਵਧੇਰੇ ਕਾਰਗਰ ਹੈ ਕਿਉਂਕਿ ਇਸ ਵਿਧੀ ਦੇ ਜ਼ਰੀਏ ਕਿਸੇ ਲੋਕ ਕਹਾਣੀ ਵਿਚਲੇ ਸਬੰਧਾਂ ਨੂੰ ਡਾਇਕ੍ਰੋਨਿਕ ਅਤੇ ਸਾਈਨਕ੍ਰੋਨਿਕ ਸਬੰਧਾਂ ਦੇ ਆਧਾਰ ਤੇ ਵਧੇਰੇ ਸੌਖ ਨਾਲ ਸਮਝਿਆ ਜਾ ਸਕਦਾ ਹੈ।

ਪੰਜਾਬੀ ਲੋਕ ਕਹਾਣੀਆਂ ਦੀ ਵੰਨਗੀ ਬੁਝਾਵਲ ਕਥਾ ਵਿਚ ਦੇਖਿਆ ਜਾ ਸਕਦਾ ਹੈ ਕਿ ਇਨ੍ਹਾਂ ਕਥਾਵਾਂ ਵਿਚਲੇ ਪਾਤਰ ਜਾਂ ਨਾਵਾਂ-ਥਾਵਾਂ ਤਾਂ ਬਦਲ ਜਾਂਦੀਆਂ ਹਨ ਪਰ ਇਨ੍ਹਾਂ ਪਾਤਰਾਂ ਦੇ ਕਿਰਦਾਰ ਉਹੋ ਹੀ ਰਹਿੰਦੇ ਹਨ। ਇਨ੍ਹਾਂ ਕਹਾਣੀਆਂ ਵਿਚ ਪ੍ਰਮੁੱਖ ਇਕਾਈਆਂ ਜੋ ਵਾਰ-ਵਾਰ ਦੇਖਣ ਨੂੰ ਮਿਲਦੀਆਂ ਹਨ। ਉਨ੍ਹਾਂ ਵਿਚ : ਰਾਜੇ ਤੋਂ ਰਾਣੀ ਦਾ ਹੋਰ ਵਿਆਹ ਨਾ ਕਰਵਾਉਣ ਦਾ ਬਚਨ ਲੈਣਾ, ਰਾਣੀ ਦੀ ਮੌਤ ਬਾਅਦ ਰਾਜੇ ਦਾ ਵਜ਼ੀਰਾਂ ਦੇ ਆਖੇ ਲੱਗ ਹੋਰ ਵਿਆਹ ਕਰਵਾਉਣਾ, ਨਵੀਂ ਰਾਣੀ ਦਾ ਪਹਿਲੀ ਰਾਣੀ ਦੀ ਸੰਤਾਨ ਨਾਲ ਸਾੜਾ ਜਾਂ ਮਾੜਾ ਵਤੀਰਾ, ਨਵੀਂ ਰਾਣੀ ਦਾ ਗੱਲ ਮੰਨਵਾਉਣ ਲਈ ਪੱਟੀ ਲੈ ਕੇ ਪੈਣਾ, ਵੱਡੀ ਰਾਣੀ ਦੇ ਪੁੱਤਰ ਨੂੰ ਕਿਸੇ ਅਜਿਹੇ ਕੰਮ ਲਈ ਤੋਰਨਾ ਜਿੱਥੇ ਉਸਦੀ ਮੌਤ ਸੰਭਵ ਹੋਵੇ, ਰਾਜਕੁਮਾਰ ਦਾ ਅਜਿਹੀਆਂ ਮੁਸ਼ਕਿਲਾਂ ਨੂੰ ਤਿੰਨ ਵਾਰ ਕਿਸੇ ਸਾਧੂ-ਮਹਾਤਮਾ ਜਾਂ ਦੈਵੀ ਸ਼ਕਤੀ ਜਾਂ ਕਿਸੇ ਪ੍ਰਾਕਿਰਤਕ ਸ਼ਕਤੀ ਦੀ ਸਹਾਇਤਾ ਨਾਲ ਪੂਰਾ ਕਰਨਾ, ਅੰਤ ਵਿਚ ਰਾਜਕੁਮਾਰ ਦਾ ਰਾਣੀ

ਦੇ ਅਸਲੀ ਚਰਿੱਤਰ ਨੂੰ ਰਾਜੇ ਸਾਹਮਣੇ ਪੇਸ਼ ਕਰਨਾ, ਰਾਜੇ ਦਾ ਰਾਣੀ ਨੂੰ ਸਜਾ ਦੇਣਾ। ਕਹਾਣੀ ਦਾ ਸੁਖਾਂਤਕ ਅੰਤ।

ਇਨ੍ਹਾਂ ਕਥਾਵਾਂ ਵਿਚ ਥੋੜੇ ਬਹੁਤ ਅੰਤਰ ਨਾਲ ਇਹੋ ਪੈਟਰਨ ਦੇਖਣ ਨੂੰ ਮਿਲਦਾ ਹੈ। ਇਸੇ ਤਰ੍ਹਾਂ ਦੂਸਰੀਆਂ ਲੋਕ ਕਹਾਣੀਆਂ ਵਿਚ ਵੀ ਅਜਿਹੇ ਹੀ ਸਾਂਝੇ ਜੁਜ਼ ਦੇਖਣ ਨੂੰ ਮਿਲ ਸਕਦੇ ਹਨ। ਇਨ੍ਹਾਂ ਦੇ ਆਧਾਰ 'ਤੇ ਅਸੀਂ ਇਨ੍ਹਾਂ ਕਥਾਵਾਂ ਦੇ ਪੈਟਰਨਾਂ ਨੂੰ ਸਿਰਜ ਸਕਦੇ ਹਾਂ। ਕਿਸੇ ਵੀ ਸਮਾਜ ਦੀ ਲੋਕ ਕਹਾਣੀ ਨੂੰ ਸਮਝਣ ਲਈ ਉੱਥੋਂ ਦੇ ਚਿੰਨ੍ਹ ਪ੍ਰਬੰਧ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਕਿਉਂਕਿ ਹਰ ਸਮਾਜ ਜਾਂ ਸਭਿਆਚਾਰ ਵਿਚ ਉੱਥੋਂ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਕਾਰਨ ਉਨ੍ਹਾਂ ਦਾ ਚਿੰਨ੍ਹ ਪ੍ਰਬੰਧ ਵੱਖੋ-ਵੱਖਰੀਆਂ ਵਸਤੂਆਂ ਲਈ ਵੱਖੋ-ਵੱਖਰਾ ਅਰਥ ਰੱਖਦਾ ਹੈ।

**ਸਿੱਟਾ:** ਉਪਰੋਕਤ ਖੋਜ ਪੇਪਰ ਵਿਚਲੀ ਵਿਚਾਰ-ਚਰਚਾ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਲੋਕ ਕਹਾਣੀ ਕਿਸੇ ਵੀ ਸਭਿਆਚਾਰ ਦਾ ਇਕ ਵਹਿੰਦਾ ਪ੍ਰਗਟਾ ਮਾਧਿਅਮ ਹੈ। ਇਸ ਮਾਧਿਆਮ ਵਿਚ ਸਮੇਂ ਅਤੇ ਪ੍ਰਸਥਿਤੀਆਂ ਅਨੁਸਾਰ ਬਦਲਾਵ ਆਉਣੇ ਕੁਦਰਤੀ ਹਨ। ਇਨ੍ਹਾਂ ਬਦਲਾਵਾਂ ਦੇ ਕਾਰਨ ਅਜੋਕੀ ਲੋਕ ਕਹਾਣੀ ਵੀ ਆਪਣੇ ਬਦਲਵੇਂ ਰੂਪਾਂ ਵਿਚ ਟੈਲੀਵਿਜਨ ਅਤੇ ਸੋਸ਼ਲ ਸਾਇਟਾਂ 'ਤੇ ਚੱਲਣ ਵਾਲੀਆਂ ਵੀਡੀਓ ਜਾਂ ਰੀਲਾਂ ਵਿਚ ਪ੍ਰਵਾਨ ਚੜ ਰਹੀ ਹੈ। ਇਸ ਤੋਂ ਇਲਾਵਾ ਬਹੁਤ ਸਮਾਂ ਪਹਿਲਾਂ ਹੀ ਇਹ ਰੂਪ ਵਸ਼ਿਸ਼ਟ ਸਾਹਿਤ ਦੇ ਰੂਪਾਂ ਵਿਚ ਪਰਿਵਰਤਿਤ ਰੂਪ ਵਜੋਂ ਵਸ਼ਿਸ਼ਟ ਕਹਾਣੀ, ਨਾਟਕ ਜਾਂ ਨਾਵਲਾਂ ਦੇ ਰੂਪ ਵਿਚ ਪ੍ਰਚੱਲਿਤ ਹੈ।

ਲੋਕ ਕਹਾਣੀਆਂ ਦੇ ਰਵਾਇਤੀ ਪਾਠਾਂ ਨੂੰ ਸਮਝਣ ਲਈ ਜ਼ਰੂਰੀ ਤੱਤਾਂ ਦੀ ਨਿਸ਼ਾਨਦੇਹੀ ਕਰਨਾ ਤੇ ਇਨ੍ਹਾਂ ਦੀ ਸਮਝ ਰੱਖਣਾ ਜ਼ਰੂਰੀ ਹੈ। ਇਨ੍ਹਾਂ ਤੋਂ ਬਿਨ੍ਹਾਂ ਲੋਕ ਕਹਾਣੀ ਦੇ ਪਾਠ ਨੂੰ ਸਮਝਣਾ ਮੁਸ਼ਕਿਲ ਹੈ। ਇਨ੍ਹਾਂ ਤੱਤਾਂ ਵਿਚ, ਇਤਿਹਾਸਕ ਪੱਖ, ਸਮਾਜਿਕ ਪੱਖ, ਭਾਸ਼ਾ, ਸਭਿਆਚਾਰਕ ਪੱਖ, ਧਾਰਮਿਕ ਪੱਖ, ਬਿਰਤਾਂਤਕ ਜੁਗਤਾਂ ਅਤੇ ਚਿੰਨ੍ਹ ਪ੍ਰਬੰਧ ਸ਼ਾਮਿਲ ਹਨ। ਇਨ੍ਹਾਂ ਤੋਂ ਇਲਾਵਾ ਵਿਸ਼ਵ ਭਰ ਵਿਚ ਲੋਕ ਕਹਾਣੀਆਂ ਦੇ ਅਧਿਐਨ ਲਈ ਵੱਖੋ-ਵੱਖਰੀਆਂ ਵਿਧੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਲੋਕ ਕਹਾਣੀਆਂ ਦੇ ਸੰਰਚਨਾਤਮਕ ਸੰਗਠਨ ਨੂੰ ਸਮਝਣ ਲਈ ਬਿਰਤਾਂਤਕਾਰੀ ਵਿਧੀ ਵਧੇਰੇ ਕਾਰਗਰ ਸਿੱਧ ਹੋ ਸਕਦੀ ਹੈ। ਇਸੇ ਤਰ੍ਹਾਂ ਲੋਕ ਕਹਾਣੀ ਦੇ ਅੰਦਰੂਨੀ ਅਤੇ ਬਾਹਰੀ ਸਿਸਟਮ ਨੂੰ ਸਮਝਣ ਲਈ ਚਿੰਨ੍ਹਾਤਮਕ ਵਿਧੀ ਦਾ ਪ੍ਰਚੱਲਣ ਵਧੇਰੇ ਸਾਰਥਿਕ ਹੈ। ਜਿਸਦੇ ਸਹਾਰੇ ਅਸੀਂ ਲੋਕ

ਕਹਾਣੀਆਂ ਦੇ ਉਨ੍ਹਾਂ ਮੰਤਵਾਂ ਤੱਕ ਪੁੱਜ ਸਕਦੇ ਹਾਂ ਜਿਨ੍ਹਾਂ ਦੀ ਇੱਛਾ ਰੱਖ ਕੇ ਇਨ੍ਹਾਂ ਕਹਾਣੀਆਂ ਦੀ ਸਿਰਜਣਾ ਹੋਈ ਹੈ।

**ਹਵਾਲੇ**


1. ਗੁਰਮੀਤ ਸਿੰਘ, ਲੋਕਧਾਰਾ: ਵਰਤਮਾਨ ਸੰਦਰਭ, ਸੰਪਾ. ਡਾ. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ ਦੀ ਭੂਮਿਕਾ, ਪਬਲੀਕੇਸ਼ਨ ਬਿਊਰੋ, ਪਟਿਆਲਾ, 2019, ਪੰਨਾ-94.
2. ਉਹੀ, ਪੰਨਾ-93.
3. ਗੁਰਮੀਤ ਸਿੰਘ, ਲੋਕਧਾਰਾ: ਪਰੰਪਰਾ ਤੇ ਆਧੁਨਿਕਤਾ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2006, ਪੰਨਾ-42.
4. ਸੋਹਿੰਦਰ ਸਿੰਘ ਬੇਦੀ, ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁੱਕ ਟਰਸਟ ਇੰਡੀਆ, ਨਵੀਂ ਦਿੱਲੀ, 2018, ਪੰਨੇ- 137-138.
5. ਗਿਆਨੀ ਗੁਰਦਿੱਤ ਸਿੰਘ, ਪੰਜਾਬੀ ਦੀਆਂ ਲੋਕ ਕਹਾਣੀਆਂ ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ-10.
6. ਉਹੀ, ਪੰਨਾ-10.
7. ਉਹੀ, ਪੰਨਾ-82.
8. ਗੁਰਬਖਸ਼ ਸਿੰਘ ਫ਼ਰੈਂਕ, ਸਭਿਆਚਾਰ ਅਤੇ ਪੰਜਾਬੀ ਪੰਜਾਬੀ ਸਭਿਆਚਾਰ, ਵਾਰਿਸ਼ ਸ਼ਾਹ, ਫਾਉਂਡੇਸ਼ਨ, ਅੰਮ੍ਰਿਤਸਰ, 2012, ਪੰਨੇ, 11-12.
9. ਅਸ਼ਵਨੀ ਕੁਮਾਰ, ਪੰਜਾਬੀ ਲੋਕ-ਕਹਾਣੀਆਂ ਵਿਚਲੀਆਂ ਲੋਕ-ਰੂੜ੍ਹੀਆਂ ਦਾ ਸਭਿਆਚਾਰਕ ਮਾਨਵ ਵਿਗਿਆਨਕ ਅਧਿਆਨ (ਅਪ੍ਰਕਾਸ਼ਿਤ ਸ਼ੋਧ ਪ੍ਰਬੰਧ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2019, ਪੰਨਾ-101.
10. ਗਿਆਨੀ ਗੁਰਦਿੱਤ ਸਿੰਘ, ਉਹੀ, ਪੰਨਾ-484-85.
11. ਪਰਮਜੀਤ ਸਿੰਘ ਸਿੱਧੂ, ਮਾਨਵ ਵਿਗਿਆਨਕ ਭਾਸ਼ਾ ਵਿਗਿਆਨ, ਪਬਲੀਕੇਸ਼ਨ ਬਿਊਰੋ, ਪਟਿਆਲਾ, 1998, ਪੰਨਾ-138.
12. ਭੁਪਿੰਦਰ ਸਿੰਘ ਖਹਿਰਾ, ਭਾਵ ਲੋਕ : ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਦਾ ਭਾਵ-ਸੰਚਾਰ, ਗ੍ਰੇਸੀਅਸ ਬੁੱਕਸ, 2022, ਪੰਨਾ-150.
13. ਉਹੀ.
14. ਉਹੀ.
15. ਉਹੀ, ਪੰਨਾ-335.

16. ਸੁਦਰਸ਼ਨ ਵਸ਼ਿਸ਼ਟ, ਹਿਮਾਚਲੀ ਲੋਕਕਥਾਏਂ, ਸਾਹਿਤ ਅਕਾਦਮੀ, ਨਵੀਂ ਦਿੱਲੀ, 2020, ਪੰਨਾ-320.
17. ਗੁਲਬਹਾਰ ਸਿੰਘ, ਪੰਜਾਬੀ ਲੋਕਧਾਰਾ ਤੇ ਸਭਿਆਚਾਰ ਦੇ ਵਿਲੱਖਣ ਪੱਖ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2019, ਪੰਨਾ-99.
18. ਸੱਤਿਆ ਠਾਕੁਰ, ਹਿਮਾਚਲ ਕੀ ਲੋਕ ਕਥਾਓਂ ਮੇਂ ਪਰਿਵਾਰਕ ਜੀਵਨ (ਅਪ੍ਰਕਾਸ਼ਿਤ ਸ਼ੋਧ ਪ੍ਰਬੰਧ), ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ, ਸ਼ਿਮਲਾ, 1982, ਪੰਨਾ-10.
19. ਜਸਵਿੰਦਰ ਸਿੰਘ. ਪੰਜਾਬੀ ਲੋਕ-ਸਾਹਿਤ ਸ਼ਾਸ਼ਤਰ, ਪਬਲੀਕੇਸ਼ਨ ਬਿਊਰੋ, ਪਟਿਆਲਾ, 2003, ਪੰਨਾ-64.